

ਪੰਥ ਰਤਨ
ਗਿਆਨੀ ਦਿੱਤ ਸਿੰਘ ਜੀ
21 ਅਪ੍ਰੈਲ 1850 - 6 ਸਤੰਬਰ 1901

ਭਾਈ ਦਿੱਤ ਸਿੰਘ ਪੱਤ੍ਰਿਕਾ

ਅੰਕ 118 ਸਾਲ 10 6 ਅਕਤੂਬਰ 2019 (ਮਾਸਿਕ, ਪੰਜਾਬੀ) ਕੁੱਲ ਪੰਨੇ 48

ਅੰਦਰ ਪੜ੍ਹੋ ਸੰਪਾਦਕੀ

ਰੀਸ ਦੀ ਘੜੀਸ !!! ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਦੀਆਂ ਸੰਸਥਾਵਾਂ, ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਡੀ ਪੱਧਰ ’ਤੇ ਮਨਾਉਣਗੇ- ਪਰ ਅਸਲ ਸੰਦੇਸ਼ ਤੋਂ ਦੂਰ ਹੀ

ਬਾਬੇ ਨਾਨਕ ਦੀ ਸਿੱਖੀ ਦਾ 50 ਸਾਲ ਦਾ ਲੇਖਾ ਜੋਖਾ

(ਛੇਵੀ ਕਿਸ਼ਤ)

ਸਿੱਖੀ ਦੇ ਪਿਛਲੇ 50 ਸਾਲ

ਸਿੱਖੀ ਦੇ ਪਿਛਲੇ 50 ਸਾਲਾਂ ਦੀ ਕਰਨੀ ਹੈ ਅੱਜ ਗੱਲ,
ਖੁਰ ਰਹੀ ਹੈ ਸਿੱਖੀ ਦੀ ਸ਼ਾਖ ਦਾ ਲਭਣਾ ਹੈ ਕੋਈ ਹੱਲ।
ਬਾਬੇ ਨਾਨਕ ਤੋਂ 239 ਸਾਲ ਤੱਕ ਗੁਰੂਆਂ ਦਾ ਸੀ ਕਾਲ,
ਸਿੱਖੀ ਦੀ ਅਪਣੀ ਹੱਥੀਂ ਜਿਨ੍ਹਾਂ ਨੇ ਕੀਤੀ ਸੀ ਆਪ ਸੰਭਾਲ।
ਬੜੇ ਚਨੌਤੀਆਂ ਭਰੇ ਸਨ ਅਗਲੇ 70-75 ਜੋ ਸਾਲ,
ਸ਼ਹੀਦੀਆਂ ਦੇਕੇ ਸਿੰਘਾਂ ਨੇ ਫਿਰ ਵੀ ਸਿੱਖੀ ਸੀ ਲਈ ਸੰਭਾਲ।
ਰਣਜੀਤ ਸਿੰਘ ਦੇ ਰਾਜ ’ਚ ਆਇਆ ਸੀ ਸੁੱਖ ਦਾ ਸਾਹ,
1849 ਵਿੱਚ ਅੰਗਰੇਜ਼ਾਂ ਨੇ ਪੰਜਾਬ ’ਤੇ ਕਬਜ਼ਾ ਲਿਆ ਜਮਾ।
ਗਿਣਤੀ ਘਟਣ ਲੱਗ ਗਈ ਸੀ, ਸਿੰਘ ਸਭੀਆ ਨੇ ਲਈ ਵਧਾ,
1920 ਤੋਂ ਅਕਾਲੀ ਦਲ ਨੇ ਸਿਆਸਤ ਵਾਲਾ ਚੋਲਾ ਦਿੱਤਾ ਪਾ।
ਸ਼੍ਰੋਮਣੀ ਕਮੇਟੀ ਬਣਾ ਦਿੱਤੀ ਕਰਨ ਲਈ ਗੁਰਦੁਆਰਿਆਂ ਦੀ ਸੰਭਾਲ,
ਸਿੱਖਾਂ ਨੂੰ ਲੜਾਉਣ ਦੀ ਇਹ ਇਕ ਸੀ ਗੁੜੀ ਇਕ ਚਾਲ।
1978 ਨਿੰਰਕਾਰਿਆ ਵਲੋਂ 13 ਸਿੰਘਾਂ ਦੇ ਕਤਲ ਤੇ ਭਿੰਡਰਾਂਵਾਲਾ ਆਇਆ,
1982 ਧਰਮਯੁੱਧ ਮੋਰਚੇ ਨੇ ਸਾਰੇ ਧੜਿਆਂ ਨੂੰ ਇੱਕ ਥਾਂ ਬਿਠਾਇਆ।
ਫਿਰ ਹਿੰਦੂ-ਸਿੱਖਾਂ ਵਿੱਚ ਨਫ਼ਰਤ ਨੇ ਫੜਿਆ ਸੀ ਜ਼ੋਰ,
ਆਪਣੇ ਹੀ ਆਪਣੇ ਨੂੰ ਮਾਰ ਰਹੇ ਸੀ ਹੈ ਨਹੀਂ ਸੀ ਕੋਈ ਹੋਰ।
ਜੂਨ 1984 ’ਚ ਦਰਬਾਰ ਸਾਹਿਬ ’ਤੇ ਅਕਾਲ ਤਖਤ ’ਤੇ ਹਮਲਾ ਹੋਇਆ,
ਧਰਤੀ ਰੋਈ, ਅੰਬਰ ਕੰਬਿਆ, ਬੱਚਾ-ਬੱਚਾ ਹੁੱਬ-ਹੁੱਬ ਰੋਇਆ।
153 ਦਿਨ ’ਚ ਸੀ ਇੰਦਰਾ ਤਾਈਂ ਜਾਨੋ ਸੀ ਮਾਰ ਮੁਕਾਇਆ,
ਦੂਜੇ ਦਿਨ ਤੋਂ ਫਿਰ ਸਿੱਖਾਂ ਨੇ ਕਤਲੋਗਾਰਤ ਦਾ ਦਰਦ ਹੰਢਾਇਆ।
1998 ਆਰ.ਐਸ.ਐਸ. ਨੂੰ, ਬਾਦਲ ਨੇ ਸਿੱਖੀ ਗਿਰਵੀ ਰੱਖੀ, ਦਸਦੀ ਏ ਤਰੀਕ,
1999 ’ਚ 6 ਕਰੋੜ ਦੇ ਦਸਮ ਗ੍ਰੰਥ ਵੰਡੇ ਗੁਰੂ ਗ੍ਰੰਥ ਦੇ ਨੇੜਲੇ ਬਣੇ ਸ਼ਰੀਕ।
10 ਸਾਲ ਦੇ ਬਾਦਲ ਸਰਕਾਰ ਨੇ ਸਿੱਖੀ ਦਾ ਕੀਤਾ ਵੱਡਾ ਘਾਣ,
ਬੇਅਦਬੀ ਗ੍ਰੰਥ ਦੀ ਨਾਲ ਹੋਇਆ 100 ਸਾਲਾਂ ਦਾ ਨੁਕਸਾਨ।
ਬੋਲਣ ਵਾਲਾ ਕੋਈ ਨੀ ਸਭ ਆਪਣਾ ਤੋਰੀ ਫੁਲਕਾ ਚਲਾ ਰਹੇ ਨੇ,
ਸਿੱਖੀ ਜਾਵੇ ਢੱਠੇ ਖੂਹ ਵਿੱਚ ਨਸੀਬ ਪੂਰੀਆਂ ਮੌਜਾ ਉਡਾ ਰਹੇ ਨੇ।

ਪ੍ਰਿੰ: ਨਸੀਬ ਸਿੰਘ ਸੇਵਕ

ਪੱਤ੍ਰਿਕਾ ਇੰਟਰਨੈੱਟ ’ਤੇ ਪੜ੍ਹੀ ਜਾ ਸਕਦੀ ਹੈ: http://bhaiditsinghpatrika.blogspot.in/
ਲੇਖਕ ਆਪਣੀਆਂ ਰਚਨਾਵਾਂ ਈ-ਮੇਲ ਦੇ ਭੇਜਣ: bhaiditsinghpatrikachd@gmail.com bhaiditsinghpatrika@yahoo.com

ਚਾਨਣ ਦਾ ਆਗਮਨ
(ਨਾਨਕ ਪ੍ਰਕਾਸ਼ ਦੀ ਲੋਅ ਵਿੱਚ)



ਜਸਪਾਲ ਸਿੰਘ 'ਕੰਵਲ'

ਕੁੰਗੂ-ਕਸਤੂਰੀ ਚੰਦਨਵਾਦੀ, ਆਪੋ ਦੇ ਵਿੱਚ ਹੋਏ ਵਿਵਾਦੀ।
ਕਿੱਧਰੋਂ ਕੌਣ ਹਵਾ ਦਾ ਬੁੱਲਾ? ਮਹਿਰਤ ਲੈ ਕੇ ਆਇਆ ਮਹਿਤਾਬੀ।
ਸੰਝ ਪਈ ਔਹ ਤਾਰਿਆਂ ਵਗਲੀ, ਚਾਨਣ ਦੀ ਇੱਕ ਖੇਪ ਪਿਆਸੀ।
ਰੂੰ ਦੇ ਗੋੜ੍ਹਿਆਂ ਵਾਂਗੂੰ ਉਮੜ੍ਹੇ, ਝੁੰਡ ਚਾਨਣ ਦੇ ਤਰਨ ਆਕਾਸ਼ੀ।
ਆਵੋ ਸਹੀਓ, ਨੀ ਆਵੋ ਸਹੀਓ, ਚਾਨਣ ਦੀ ਪੱਟ ਲਿਓ ਵਿਛਾਈ।
ਚਾਨਣ ਦਰ ਤੇ ਚਾਨਣ ਢੁੱਕਿਆ, ਚਾਨਣ ਆਕਾਸ਼ ਪਾਤਾਲ ਲੁਕਾਈ।
ਨਾ ਸਿੰਙੀ, ਅਜਾਨ, ਨਾ ਡਮਰੂ, ਨਾ ਕੋਹਿਤੂਰ, ਨਜ਼ਰਥ ਨਾ ਕਮਰੂ।
ਹਨੇਰ ਸਾਈਂ ਦਾ ਨੇਰ ਬੁੱਕਲ 'ਚੋਂ, ਤਿੱਤਰ ਹੋਇਆ ਮਾਰ ਉਡਾਰੀ।
ਔਹ ਵੇਖੋ, ਔਹ ਕੋਈ ਅਧਰਮੀਂ, ਕੂੜ੍ਹ ਪੁਲੰਦਾ ਜਾਏ ਨਿਘਾਰੀ।
ਚਾਨਣ ਦੇ ਅਮਿਆ ਪਰਵਾਹ ਮੂਹਰੇ, ਚਾਨਣ ਕੀਕੂੰ ਬੂਹਾ ਖੋਲ੍ਹੇ।
ਚਾਨਣ-ਓ-ਚਾਨਣ, ਰਿਸ਼ਮਾਂ-ਰਿਸ਼ਮਾਂ, ਚੱਪੇ-ਚੱਪੇ ਚਾਨਣ ਦੇ ਗੋਲੇ।
ਆਵੋ ਸਹੀਓ, ਨੀ ਆਵੋ ਸਹੀਓ, ਚਾਨਣ ਦੀ ਪੱਟ ਲਿਓ ਵਿਛਾਈ।
ਚਾਨਣ ਦਰ ਤੇ ਚਾਨਣ ਢੁੱਕਿਆ, ਚਾਨਣ ਆਕਾਸ਼ ਪਾਤਾਲ ਲੁਕਾਈ।
ਖੰਡ, ਬ੍ਰਹਿਮੰਡ, ਚਾਨਣ ਦਾ ਹੋਕਾ, ਚਾਨਣ ਦੀ ਕੋ ਕਰੇ ਵਡਿਆਈ।
ਚਾਨਣ ਵਰ੍ਹਿਆ, ਖਿੰਡ-ਪੁੰਡ ਗਇਆ, ਪੂਰਨਮਾਸ਼ੀ ਕਰੇ ਅਗਵਾਈ।
ਚਾਨਣ ਜਾਇਆ, ਚਾਨਣ ਪਿੱਛੇ, ਲੁਕਿਆ ਮੰਦ ਮੰਦ ਮੁਸਕਾਏ।
ਆਵੋ ਸਹੀਓ, ਦੇਵੋ ਅਰਗ ਚਾਨਣ ਨੂੰ, ਰੰਗ-ਆਕਾਸ਼ੋਂ ਪਾਹੁਲ ਲਿਆਏ।
ਚਾਨਣ ਵੰਡਦਾ ਫਿਰੇ ਵਣਜਾਰਾ, ਕੰਵਲ ਹਿਰਦੇ ਰੰਗਦਾ ਦਾਤਾਰਾ।
ਆਵੋ ਸਹੀਓ, ਨੀ ਆਵੋ ਸਹੀਓ, ਚਾਨਣ ਦੀ ਪੱਟ ਲਿਓ ਵਿਛਾਈ।
ਚਾਨਣ ਦਰ ਤੇ ਚਾਨਣ ਚੁੱਕਿਆ, ਚਾਨਣ ਆਕਾਸ਼, ਪਾਤਾਲ ਲੁਕਾਈ।

89689-68397

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਮੌਕੇ ਦਸਵੰਦ 'ਚੋਂ ਮਾਇਆ ਆਪਣੀ ਪੱਤ੍ਰਿਕਾ ਨੂੰ ਦੇ ਕੇ ਖੁਸ਼ੀਆਂ ਪ੍ਰਾਪਤ ਕਰੋ।

ਸਤੰਬਰ 2019 ਦੇ ਦਾਨੀ ਸੱਜਣ

1. ਸ. ਮਹਿੰਦਰ ਸਿੰਘ ਖਹਿਰਾ ਯੂ.ਕੇ.
15000/-
2. ਸ. ਜਸਪਾਲ ਸਿੰਘ ਕੰਵਲ
3100/-

ਪੱਤ੍ਰਿਕਾ 'ਤੇ ਸਤੰਬਰ 2019 ਦਾ
ਖਰਚਾ ਕੁਲ ਖਰਚਾ 43,660/-
ਆਈ ਸਹਾਇਤਾ 22,900/-

ਵਾਧੂ ਖਰਚਾ 20,760/-

ਪੱਤ੍ਰਿਕਾ ਦੀ ਸਹਾਇਤਾ ਲਈ

ਸੰਪਾਦਕ ਭਾਈ ਦਿੱਤ ਸਿੰਘ ਪੱਤ੍ਰਿਕਾ
ਖਾਤਾ ਨੰ: 65139724105, IFSCode: SBIN0050435 swift
ਬਰਾਂਚ: ਸਟੇਟ ਬੈਂਕ ਆਫ਼ ਇੰਡੀਆ, ਸਾਖਾ ਕਜਹੇੜੀ, ਚੰਡੀਗੜ੍ਹ



ਭਾਈ ਦਿੱਤ ਸਿੰਘ ਪੱਤ੍ਰਿਕਾ

ਮੁੱਲ 35/-

ਗਿਆਨੀ ਦਿੱਤ ਸਿੰਘ ਮੈਮੋਰੀਅਲ ਟਰੱਸਟ (ਰਜਿ:) ਦੀ ਸਰਪ੍ਰਸਤੀ ਅਧੀਨ

ਅੰਕ 118 • ਸਾਲ 10 • 6 ਅਤੂਬਰ 2019 (ਮਾਸਿਕ,ਪੰਜਾਬੀ) • ਕੁੱਲ ਪੰਨੇ 48

ਚੰਦਿਆਂ ਦਾ ਵੇਰਵਾ

ਸਮਾਂ	ਦੇਸ਼ 'ਚ	ਵਿਦੇਸ਼ 'ਚ
ਸਾਲਾਨਾ	400/-	$ 70
ਪੰਜ ਸਾਲ	1600/-	$ 350
ਲਾਈਫ ਮੈਂਬਰ	12,000/-	$ 3000

ਤਤਕਰਾ

ਰਚਨਾਵਾਂ ਭੇਜਣ ਲਈ ਪਤਾ: ਭਾਈ ਦਿੱਤ ਸਿੰਘ ਪੱਤ੍ਰਿਕਾ # 712, ਅਨੰਦਪੁਰ ਕੰਪਲੈਕਸ, ਕਜਹੇੜੀ, ਯੂ.ਟੀ.ਚੰਡੀਗੜ੍ਹ-160036 ਫੋਨ: 9465216530

ਈ-ਮੇਲ - bhaiditsinghpatrikachd@gmail.com or bhaiditsinghpatrika@yahoo.com

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: http://bhaiditsinghpatrika.blogspot.in/

ਛਾਪਕ, ਆਰ.ਕੇ. ਸ਼ਰਮਾ ਅਤੇ ਪ੍ਰਕਾਸ਼ਕ ਸ. ਨਸੀਬ ਸਿੰਘ ਸੇਵਕ ਨੇ ਮਾਲਕ ਸ. ਨਸੀਬ ਸਿੰਘ ਸੇਵਕ ਦੇ ਤੌਰ 'ਤੇ ਦੁਰਗਾ ਪ੍ਰਿੰਟ-ਓ-ਪੈਕ ਕਜਹੇੜੀ ਚੰਡੀਗੜ੍ਹ ਫੋਨ: 0172-2667070 ਤੋਂ ਛਪਵਾ ਕੇ 712, ਅਨੰਦਪੁਰ ਕੰਪਲੈਕਸ ਕਜਹੇੜੀ (ਚੰਡੀਗੜ੍ਹ) ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਪ੍ਰਿੰ: ਨਸੀਬ ਸਿੰਘ ਸੇਵਕ

ਰੀਸ ਦੀ ਘੜੀਸ !!! ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਦੀਆਂ ਸੰਸਥਾਵਾਂ, ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਡੀ ਪੱਧਰ 'ਤੇ ਮਨਾਉਣਗੇ- ਪਰ ਅਸਲ ਸੰਦੇਸ਼ ਤੋਂ ਦੂਰ ਹੀ ਰਹਿਣਗੇ !!!



ਬਾਬੇ ਨਾਨਕ ਦੀ ਸਿੱਖੀ ਦਾ 50 ਸਾਲ ਦਾ ਲੇਖਾ ਜੋਖਾ

ਪ੍ਰਿੰ: ਨਸੀਬ ਸਿੰਘ ਸੇਵਕ

ਸਿੱਖ ਧਰਮ ਦੀ ਉਮਰ 550 ਸਾਲ ਹੋ ਗਈ ਹੈ ਇਸ ਵਿਚੋਂ 239 ਸਾਲ ਤਾਂ ਸਿੱਖ ਗੁਰੂਆਂ ਦੀ ਰਹਿਨੁਮਾਹੀ ਹੇਠ ਪਲਦੀ ਰਹੀ। ਫੇਰ 1708 ਤੋਂ ਬਾਅਦ ਇਸੇ ਪ੍ਰਭਾਵ ਅਧੀਨ ਲਗਭਗ ਇਕ ਸਦੀ ਸਿੱਖ ਕੌਮ ਖਾਲਸਾ ਦੇ ਤੌਰ ਤੇ ਅਤਿ ਵਿਰੋਧੀ ਤਾਕਤਾਂ ਦਾ ਸਾਹਮਣਾ ਕਰਦੇ ਰਹੇ। ਫੇਰ 1839 ਤੱਕ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਰਿਹਾ, 1849 ਵਿੱਚ ਪੰਜਾਬ (ਜੋ ਅਜੇ ਤੱਕ ਅੰਗਰੇਜ਼ ਇਸ ਤੇ ਆਪਣਾ ਕਬਜਾ ਨਹੀਂ ਕਰ ਸਕੇ ਸਨ) ਨੂੰ ਆਪਣੇ ਅਧੀਨ ਲੈ ਲਿਆ ਸੀ। ਅੰਗਰੇਜ਼ਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਤਰੀਕੇ ਲਭਣੇ ਸ਼ੁਰੂ ਕੀਤੇ। ਸਭ ਤੋਂ ਵੱਡਾ ਕੰਮ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਤੋੜਨਾ ਸ਼ੁਰੂ ਕੀਤਾ, ਇਸ ਲਈ ਡੇਰਾਵਾਦ ਸ਼ੁਰੂ ਕੀਤਾ, ਨਿਰੰਕਾਰੀ, ਨਾਮਧਾਰੀ ਡੇਰਾ ਰਾਧਾ ਸੁਆਮੀ ਆਦਿ ਹੋਰ ਬਹੁਤ ਸਾਰਿਆਂ ਨੂੰ ਵੱਖ-ਵੱਖ ਥਾਵਾਂ ਤੇ ਫੌਜ ਵਿਚੋਂ ਭੇਜ ਕੇ ਭੋਲੀ ਭਾਲੀ ਜਨਤਾ ਨੂੰ ਆਪਣੇ ਪਿਛੇ ਲਾਉਣ ਲਈ ਭੇਜਿਆ ਗਿਆ ਜੋ ਬਾਅਦ ਵਿੱਚ ਵੱਡੇ-ਵੱਡੇ ਡੇਰੇਦਾਰ ਬਣ ਗਏ ਅੱਜ ਪੂਰੇ ਦੇਸ਼ ਵਿੱਚ ਹੀ ਇਸ ਦਾ ਬੋਲਬਾਲਾ ਹੈ ਤੇ ਪੰਜਾਬ ਵਿੱਚ ਸਭ ਤੋਂ ਵੱਧ। ਇਸ ਦੇ ਨਾਲ ਹੀ ਮਿਸ਼ਨਰੀ ਸਕੂਲ, ਕਾਲਜ ਖੋਲ ਲਏ, ਸਿੱਖੀ ਨਾਲੋਂ ਤੋੜ ਕੇ ਲੋਕਾਂ ਨੂੰ ਇਸਾਈ ਬਣਾਉਣਾ ਸ਼ੁਰੂ ਕਰ ਲਿਆ ਸੀ। ਫੇਰ 1873 ਵਿੱਚ ਇਕ ਅਜੇਹੀ ਘਟਨਾ ਨੇ ਮੋੜਾ ਲਿਆਂਦਾ ਤੇ ਸਿੰਘ ਸਭਾ ਲਹਿਰ ਅੰਮ੍ਰਿਤਸਰ ਹੋਂਦ ਵਿੱਚ ਆਈ। ਫਿਰ 1879 ਵਿੱਚ ਸਿੰਘ ਸਭਾ ਲਹਿਰ ਲਾਹੌਰ ਤੇ ਫਿਰ ਖਾਲਸਾ ਦੀਵਾਨ ਹੋਂਦ ਵਿੱਚ ਆਏ ਤੇ ਡੁਬਦੀ ਸਿੱਖੀ ਨੂੰ ਬਚਾਉਣ ਵਿੱਚ ਇਕ ਇਤਿਹਾਸਕਿ ਰੋਲ ਅਦਾ ਕੀਤਾ। ਜੋ ਅਜੇ ਤੀਕ ਵੀ ਦਿਖਾਈ ਦੇਂਦਾ ਹੈ। 1925 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਗਈ। ਜੋ ਸਿੱਖੀ ਦੇ ਹਰ ਤਰ੍ਹਾਂ ਦੇ ਹਾਲਾਤ ਨਾਲ ਜੂਝਣ ਲਈ ਸੀ। ਪਹਿਲਾਂ ਪਹਿਲ ਸਿੱਖੀ ਦੇ ਪ੍ਰਚਾਰ, ਪ੍ਰਸਾਰ, ਸੇਵਾ ਸੰਭਾਲ ਆਦਿ ਤੇ ਮੋਰਚੇ, ਸੰਘਰਸ਼, ਘਲੂਕਾਰੇ ਆਦਿ ਨਾਲ ਜੂਝਦੇ ਰਹੇ। ਅਨੇਕਾਂ ਕੁਰਬਾਨੀਆਂ ਕਰਕੇ ਸਿੱਖੀ ਦੀ ਚੜ੍ਹਦੀ ਕਲਾ ਰੱਖੀ। ਇਸੇ ਦੌਰਾਨ, ਬਾਬਾਵਾਦ, ਡੇਰਾਵਾਦ ਹੌਲੀ-ਹੌਲੀ ਪ੍ਰਫੁਲਤ ਹੁੰਦਾ ਰਿਹਾ ਤੇ ਆਰ.ਐਸ.ਐਸ. ਨੇ ਇਸ ਤੇ ਭੈੜੀ ਨਜ਼ਰ ਰੱਖਣੀ ਸ਼ੁਰੂ ਕੀਤੀ ਹੋਈ ਸੀ। 1966 ਵਿੱਚ ਵੱਡੇ ਸੰਘਰਸ਼ ਪਿਛੋਂ ਪੰਜਾਬ ਦੇ ਤਿੰਨ ਟੋਟੇ ਹੋ ਗਏ। ਸਿਆਸੀ ਲੋਕਾਂ ਨੇ ਆਪਣੇ-ਆਪਣੇ ਮੁਤਾਬਿਕ ਪੰਜਾਬ ਤੇ ਸਿੱਖੀ ਨੂੰ ਵਰਤਿਆ। 1969 ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਦੀ ਰਹਿਨੁਮਾਈ ਹੇਠ ਬਾਬੇ ਨਾਨਕ ਦਾ 500 ਵਾਂ ਪ੍ਰਕਾਸ਼ ਪੁਰਬ ਮੰਨਾਇਆ ਗਿਆ। ਇਥੋਂ ਤੱਕ ਲਗਭਗ ਠੀਕ ਹੀ ਸੀ। ਅਜ 2019 ਵਿੱਚ 550 ਭਾਵ ਇਸ 50 ਸਾਲ ਵਿੱਚ ਜੋ ਨੁਕਸਾਨ ਸਿੱਖੀ ਦਾ ਹੋਇਆ ਹੈ ਉਹ 100 ਸਾਲ ਤੱਕ ਵੀ ਪੂਰਿਆ ਨਹੀਂ ਜਾਣਾ। ਇਸ ਦਾ ਮੁੱਖ ਵੱਡਾ ਕਾਰਨ ਸਿੱਖੀ ਦਾ ਸਿਆਸੀ ਕਰਨ ਹੋਣਾ। 1920 ਵਿੱਚ ਅਕਾਲੀ ਦਲ ਬਣਿਆ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਜ਼ ਵਾਂਗ ਹੀ ਧਾਰਮਿਕ ਕੰਮਾਂ ਤੇ ਸਿਆਸੀ ਕੰਮਾਂ ਲਈ ਬਣੀ ਸੀ ਤੇ ਲੋਕਾਂ ਨੇ ਇਸ ਨੂੰ ਪਲਟਾ ਖਾਧਾ ਧਰਮ ਯੁੱਧ ਮੋਰਚਾ, ਖਾੜਕੂਵਾਦ ਆਦਿ ਵਾਪਰੇ। ਇਸੇ ਸਮੇਂ ਦੌਰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦਾ ਦੌਰ ਸ਼ੁਰੂ ਹੋਇਆ। ਉਹ ਸੰਤ ਸਨ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਿਰ ਤੋੜ ਜਤਨ ਕਰਦੇ ਹਨ ਪਰ 1978 ਵਿੱਚ ਨਿਰੰਕਾਰੀਆਂ ਵਲੋਂ 13 ਸਿੱਖ ਸ਼ਹੀਦ ਕਰ ਦੇਣ ਉਪਰੰਤ ਉਨ੍ਹਾਂ ਨੂੰ ਇਨਸਾਫ ਲਈ ਲੜਨਾ ਪਿਆ। 1982 ਵਿੱਚ

ਧਰਮ ਯੁੱਧ ਮੋਰਚੇ ਵਿੱਚ ਦਾਖਲ ਹੋ ਗਏ। ਉਨ੍ਹਾਂ ਦੇ ਮੋਰਚੇ ਵਿੱਚ ਘੁਸਪੈਠ ਹੋ ਗਈ। ਦੋ ਧਾਰਮਿਕ ਫਿਰਕਿਆਂ ਵਿੱਚ ਨਫ਼ਰਤ ਦੀ ਸ਼ੁਰੂਆਤ ਹੋ ਗਈ। ਸਿਆਸਤ ਆਪਣੇ ਰੰਗ ਵਿਖਾਉਣ ਲੱਗੀ। ਸਿਆਸੀ ਪਾਰਟੀਆਂ ਲਈ ਭਿੰਡਰਾਂਵਾਲਾ ਇਕ ਚਨੌਤੀ ਬਣ ਗਿਆ ਸੀ। ਦਿਨ ਪ੍ਰਤੀ ਦਿਨ ਹਾਲਾਤ ਬਿਗੜਨ ਲਗੇ ਆਖਰਕਾਰ ਜੂਨ 1984 ਦੇ ਪਹਿਲੇ ਹਫਤੇ ਹੀ ਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਦਰਬਾਰ ਸਾਹਿਬ ਸਮੇਤ ਸ੍ਰੀ ਅਕਾਲ ਤਖਤ ਸਾਹਿਬ ਤੇ ਫੌਜੀ ਹਮਲਾ ਕਰਕੇ ਸਮੂਹ ਸਿੱਖਾਂ ਦੇ ਹਿਰਦਿਆਂ ਨੂੰ ਵਲੂੰਧੁਰ ਕੇ ਰੱਖ ਦਿੱਤਾ। ਆਪਣੇ ਹੀ ਦੇਸ਼ ਦੀਆਂ ਫੌਜਾਂ ਨੇ ਸਿੱਖਾਂ ਨੂੰ ਵੈਰੀਆਂ ਦੀ ਤਰ੍ਹਾਂ ਸਮਝਕੇ ਅਤਿ ਤਸੀਹੇ ਦੇ ਕੇ ਕੁਚਲਿਆ ਇਹ ਕਾਂਡ ਅਤਿ ਘਿਨਾਉਣਾ ਸੀ। ਇਹ ਨਨਕਾਣਾ ਸਾਹਿਬ ਵਾਲੇ ਵੱਡੇ ਸਾਕੇ ਵਾਂਗ ਹੀ ਸੀ ਫਰਕ ਸਿਰਫ ਏਨਾ ਸੀ ਕਿ ਉਦੋਂ ਨਰੈਣੂ ਨੂੰ ਅੰਗਰੇਜ਼ਾਂ ਦੀ ਸਹਿਮਤੀ ਸੀ ਤੇ ਹੁਣ ਫੌਜ ਨੂੰ ਆਪਣੀ ਸਰਕਾਰ ਦਾ ਹੁਕਮ ਸੀ। ਇਕ ਦੰਵ ਕਥਾ ਹੈ ਕਿ ਜਿਸ ਨੇ ਵੀ ਦਰਬਾਰ ਸਾਹਿਬ ਤੇ ਹਮਲਾ ਕੀਤਾ ਉਹ 6 ਮਹੀਨੇ ਦੇ ਅੰਦਰ ਹੀ ਤੁਰ ਵਸਦਾ ਹੈ ਠੀਕ 153 ਦਿਨ ਬਾਅਦ 31 ਅਕੂਬਰ 1984 ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਦਾ ਉਸ ਦੇ ਅੰਗ ਰੱਖਿਅਕਾਂ ਨੇ ਸਵੇਰੇ 9.30 ਵਜੇ ਸ਼ਰੇਆਮ ਕਤਲ ਕਰ ਦਿੱਤਾ ਗਿਆ। ਜਿਸ ਦੇ ਨਤੀਜੇ ਵਜੋਂ ਪੂਰੇ ਦੇਸ਼ ਖਾਸ ਕਰਕੇ ਦਿੱਲੀ, ਕਾਨਪੁਰ ਵਿੱਚ ਸਿੱਖਾਂ ਨੂੰ ਸਾੜਿਆ, ਮਾਰਿਆ ਗਿਆ। ਧੀਆਂ-ਭੈਣਾਂ ਨੂੰ ਬੇਪਤ ਕੀਤਾ ਗਿਆ। ਸਾਰੀਆਂ ਰਾਜਸੀ ਪਾਰਟੀਆਂ ਤਮਸ਼ਾ ਦੇਖਦੀਆਂ ਰਹੀਆਂ ਕਿਸੇ ਪਾਰਟੀ ਦੀ ਅੱਖ ਵਿਚੋਂ ਏਡੇ ਵੱਡੇ ਦੁਖਾਂਤ ਦੇ ਵਿਰੁਧ ਇਕ ਤੁਪਕਾ ਵੀ ਹੰਝੂ ਦਾ ਨਹੀਂ ਡਿਗਿਆ ਤੇ ਅੱਜ ਵੀ ਉਹ ਸੀਨ ਸੁਣ ਕੇ ਹਿਰਦੇ ਵਲੂੰਧਰ ਦੇ ਹਨ ਤੇ ਇਨਸਾਫ ਅਜੇ ਵੀ ਨਹੀਂ ਮਿਲਿਆ। ਫਿਰ ਖਾੜਕੂਆਂ ਨੂੰ ਮਾਰਨਾ ਸ਼ੁਰੂ ਕੀਤਾ ਗਿਆ। ਜਿਸ ਵਿੱਚ ਬੇਦੋਸ਼ੇ ਵੀ ਮਾਰੇ । ਅੱਧਾ ਪੰਜਾਬ ਖਾਲੀ ਹੋ ਗਿਆ। ਮਾਰਨ ਵਾਲੇ ਤੇ ਮਰਨ ਵਾਲੇ ਆਪਣੇ ਹੀ ਸਨ। ਪੁਲਿਸ ਤੇ ਰਾਜਸੀ ਲੋਕਾਂ ਨੇ ਅਨੇਕਾਂ ਘਿਨੌਣੇ ਕੰਮ ਕਰਕੇ ਲਾਹੇ ਪ੍ਰਾਪਤ ਕੀਤੇ। ਆਰ.ਐਸ.ਐਸ. ਨੇ ਤਾਂ ਪਹਿਲਾਂ ਹੀ ਸਿੱਖੀ ਨੂੰ ਖਤਮ ਕਰਨ ਲਈ ਬਾਜ ਅੱਖ ਰੱਖੀ ਹੋਈ ਸੀ। ਨੱਬਿਆਂ ਤੋਂ ਪਹਿਲਾਂ ਪਹਿਲਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਟੌਹੜਾ ਸਾਹਿਬ ਨੂੰ ਟੋਹਿਆ ਗਿਆ ਪਰ ਉਹ ਸਾਫ ਮੁਕਰ ਗਏ। ਫਿਰ ਬਾਦਲ ਸਾਹਿਬ ਨੇ 1998 ਵਿੱਚ ਅੰਦਰਖਾਤੇ ਸਮਝੌਤਾ ਕਰਕੇ ਸਿੱਖੀ ਨੂੰ ਸਦਾ ਲਈ ਆਪਣੇ ਪਰਿਵਾਰ ਲਈ ਵੇਚ ਦਿੱਤਾ। ਇਥੋਂ ਸਿੱਖੀ ਦਾ ਨਿਘਾਰ ਅੰਦਰ ਖਾਤੇ ਸ਼ੁਰੂ ਹੋ ਗਿਆ ਜੋ ਹੁਣ ਸਾਹਮਣੇ ਆ ਰਿਹਾ ਹੈ। ਇਸ ਸੰਬੰਧੀ ਅਸੀਂ ਦੋ ਸੰਪਾਦਕੀਆਂ ਵੀ ਲਿਖਿਆਂ ਸਨ। ਬਾਦਲ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ, ਅਕਾਲ ਤਖਤ ਸਾਹਿਬ ਨੂੰ ਆਪਣੇ ਅਧੀਨ ਕੀਤਾ ਹੋਇਆ ਹੈ ਤੇ ਚੁਪ ਚੁਪੀਤੇ ਨਾਗਪੁਰ ਤੋਂ ਜੋ ਹੁਕਮ ਆਉਂਦਾ ਹੈ ਉਹ ਲਾਗੂ ਹੋ ਜਾਂਦਾ ਹੈ। ਕਿਹਾ ਜਾਂਦਾ ਹੈ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ ਉਭਾਰਨਾ ਇਕ ਵੱਡੀ ਸਾਜਸ ਹੈ। ਜਿਸ ਦੀ ਵੱਡੀ ਸ਼ੁਰੂਆਤ 1999 ਵਿੱਚ 6 ਕਰੋੜ ਦੇ ਦਸਮ ਗ੍ਰੰਥ ਛਪਵਾਕੇ ਵੰਡੇ ਗਏ ਸਨ। ਦੋ ਧਿਰਾਂ ਬਣ ਗਈਆਂ ਪ੍ਰਚਾਰਕ ਵੀ ਵੰਡੇ ਗਏ। ਇਹ ਲੋਕ ਖੁਸ਼ੀ ਵਿੱਚ ਝੁਮਦੇ ਰਹੇ। ਇਹ ਮਸਲਾ ਹੱਲ ਹੋਣ ਵਾਲਾ ਨਹੀਂ ਹੈ ਸਿਰਫ ਵੰਡੀਆਂ ਪਾਉਣ ਵਾਲਾ ਹੈ। ਨਾਨਕਸ਼ਾਹੀ ਕੈਲੰਡਰ ਵਾਲਾ ਮਸਲਾ ਵੀ ਇਸੀ ਤਰਜ਼ ਵਾਲਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰੋਲ ਅਤੀ ਸ਼ਰਮਨਾਕ ਬਣ ਗਿਆ ਹੈ। ਅੰਦਰ ਖਾਤੇ ਬਿਪਰਵਾਦ ਨੂੰ ਸਹਿ ਦੇਂਦੀ ਆ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਜੋ ਪੰਥਕ ਪਾਰਟੀ ਸੀ 1986 ਵਿੱਚ ਪੰਜਾਬੀ ਪਾਰਟੀ ਬਣ ਗਈ ਸੀ ਪਰ ਅਜੇ ਵੀ ਦੋ ਸੰਵਿਧਾਨ ਚਲ ਰਹੇ ਹਨ। ਪੰਥ ਦੇ ਨਾਂ ਤੇ ਵੋਟਾਂ ਮੰਗੀਆਂ ਜਾ ਰਹੀਆਂ ਹਨ। ਪੰਜਾਬੀ ਸਿੱਖ ਭੰਬਲਭੂਸੇ ਵਿੱਚ ਪਏ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੂਰੀ ਤਰ੍ਹਾਂ ਕਬਜ਼ਾ ਕੀਤਾ ਹੋਇਆ ਹੈ। ਚੁਪੀਤੇ ਹੁਕਮ ਕੀਤੇ ਜਾਂਦੇ ਹਨ। ਤਖਤਾਂ ਦੇ ਜਥੇਦਾਰ ਵੀ ਪੂਰੀ ਤਰ੍ਹਾਂ ਅਧੀਨ ਹਨ। ਸਭ ਆਪਣੀਆਂ-ਆਪਣੀਆਂ ਰੋਟੀਆਂ ਸੇਕ ਰਹੇ ਹਨ। ਬਾਬੇ ਨਾਨਕ ਦੀ ਸਿੱਖੀ ਜਾਵੇ ਠੱਠੇ ਖੂਹ ਵਿੱਚ ਉਨ੍ਹਾਂ ਨੂੰ ਤਾਂ ਮਾਇਆ ਚਾਹੀਦੀ ਹੈ ਉਹ ਮਿਲੀ ਜਾ ਰਹੀ ਹੈ। ਬਾਬਾਵਾਦ ਡੇਰਾਵਾਦ ਪੂਰੀ ਤਰ੍ਹਾਂ ਇਨ੍ਹਾਂ ਦੀ ਪਕੜ ਵਿੱਚ ਜੋ ਸਿੱਖੀ ਦਾ ਖਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਭ ਤੋਂ ਨੇੜਲਾ ਸ਼ਰੀਕ ਹੈ। ਆਰ.ਐਸ.ਐਸ. ਦਾ ਮੁੱਖ ਮਕਸਦ ਹੈ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜਨਾ, ਵਿਸਵਾਸ਼ ਘਟਾਉਣਾ ਤੇ ਇਸ ਪ੍ਰਤੀ ਸ਼ਰਧਾ ਖਤਮ ਕਰਨੀ। ਰਾਸ਼ਟਰੀ ਸਿੱਖ ਸੰਗਤ ਨਾਂ ਦੀ ਸੰਸਥਾ ਰਾਹੀਂ ਜਿਸ ਵਿੱਚ ਸਿੱਖ ਰੱਖੇ ਗਏ ਹਨ ਇਹੀ ਕੰਮ

ਕਰਵਾਇਆ ਜਾਂਦਾ ਹੈ। ਇਹ ਸੰਸਥਾ ਸਮਝੋ ਸਿੱਖੀ ਨੂੰ ਘੁਣ ਵਾਂਗ ਲੱਗ ਗਈ ਹੈ। ਇਹ ਗੱਲ ਹੁਣ ਕੋਈ ਲੁਕੀ ਛਿਪੀ ਨਹੀਂ ਰਹਿ। ਇਸ ਵਲੋਂ ਛਪਾਇਆ ਅਜੰਡਾ ਇਸ ਦਾ ਵੱਡਾ ਪਰੂਫ ਹੋ ਜੋ ਬਹੁਤ ਸਾਰੇ ਹੱਥਾਂ ਵਿੱਚ ਘੁੰਮ ਰਿਹਾ। ਐਲ.ਕੇ. ਅਡਵਾਨੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਵਾਉਣ ਲਈ ਇੰਦਰਾ ਗਾਂਧੀ ਨੂੰ ਉਕਸਾਉਣ ਉਸ ਨੇ ਆਪਣੀ ਬਾਇਉਗ੍ਰਾਫੀ ਵਿੱਚ ਖੁਦ ਮੰਨਿਆ ਹੋਇਆ ਹੈ। ਫਿਰ ਵੀ ਸਾਡੀ ਸਿੱਖੀ ਤੇ ਪੰਥ ਦੇ ਰਖਵਾਲੇ ਕਹਾਉਣ ਵਾਲੇ ਬਾਦਲ ਸਾਹਿਬ ਨੇ ਪਤੀ-ਪਤਨੀ ਵਾਲੀ ਸਾਂਝ ਕਾਇਮ ਰੱਖੀ ਹੋਈ ਹੈ। ਮੂੰਹੋਂ ਮੀਸਣੇ, ਕੰਨਾਂ ਦੇ ਬੋਲੇ ਬਣੇ ਹੋਏ ਹਨ। ਸਿੱਖੀ ਦਾ ਜੋ ਘਾਣ ਇਨ੍ਹਾਂ ਨੇ ਕੀਤਾ ਹੈ ਉਸ ਦਾ ਇਤਿਹਾਸ ਵੱਖਰਾ ਲਿਖਿਆ ਜਾਵੇਗਾ। ਬਾਕੀ ਅਕਾਲ ਪੁਰਖ ਜਾਣੀ-ਜਾਣ ਹਨ ਪਰ ਇਨ੍ਹਾਂ ਦੇ ਸਭ ਵਿੱਚ ਰਤਾ ਵੀ ਦੁੱਖ ਨਹੀਂ। ਬਾਬੇ ਨਾਨਕ ਖਾਲਸ, ਨਿਰਮਲ ਪੰਥ ਚਲਾਇਆ ਸੀ ਜਿਸ ਦਾ ਖੁਲਾਸਾ ਦਸਵੀਂ ਜੋਤ ਨੇ ਸ਼ਰੇਆਮ 1699 ਵਿੱਚ ਖਾਲਸਾ ਪੰਥ ਵਜੋਂ ਕਰਕੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਸਨ ਤੇ ਅੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਵਜੋਂ ਮਾਨਤਾ ਦੇ ਕੇ ਸਦੀਵੀ ਸੱਚ ਵਜੋਂ ਮਾਨਤਾ ਦਿੱਤੀ ਸੀ। ਪਰ ਇਹ ਵਿਰੋਧੀ ਤਾਕਤਾਂ ਅਜੇ ਵੀ ਸਿੱਖਾਂ ਨੂੰ ਹਿੰਦੂ ਹੀ ਕਹੀ ਜਾ ਰਹੇ ਹਨ। ਲਵ-ਕੁਸ਼ ਦੀ ਔਲਾਦ ਕਹੀ ਜਾ ਰਹੇ ਹਨ ਇਨ੍ਹਾਂ ਵਿੱਚ ਸਾਡੇ ਜਥੇਦਾਰ, ਕਮੇਟੀ ਦੇ ਅਹੁਦੇਦਾਰ ਵੀ ਆਉਂਦੇ ਇਹ ਸਾਰਾ ਕੁਝ ਸਿਰਫ ਇਸ ਕਰਕੇ ਹੋ ਰਿਹਾ ਜਿਸ ਨੇ ਪੂਰੇ ਸਿੱਖ ਸਮਾਜ ਤੇ ਕਬਜ਼ਾ ਕੀਤਾ ਹੋਇਆ ਹੈ। ਉਹ ਜੋ ਮਰਜ਼ੀ ਕਰੀ ਜਾਵੇ ਕੋਈ ਬੋਲਦਾ ਨਹੀਂ। ਸਾਰੇ ਪ੍ਰਚਾਰਕ, ਰਾਗੀ, ਢਾਡੀ, ਵਿਦਵਾਨ, ਕਥਾਵਾਚਕ ਉਸ ਦੀ ਬੋਲੀ ਬੋਲਦੇ ਹਨ। ਬਹੁਤ ਘੱਟ ਹਨ ਜਿਨ੍ਹਾਂ ਦੀ ਅਵਾਜ਼ ਜਿਉਂਦੀ ਹੈ। ਨਹੀਂ ਤਾਂ ਸਾਰੇ ਜ਼ਮੀਰ ਵੇਚਕੇ ਧੰਨ ਦੇ ਪਿਛੇ ਲੱਗੇ ਹੋਏ ਹਨ। ਜਿਸ ਸੰਸਥਾਂ ਦੀ ਸਭ ਤੋਂ ਵੱਡੀ ਜ਼ਿਮੇਵਾਰੀ ਹੈ ਉਹ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਉਸ ਨੇ ਇਹ ਕਾਰਜ ਆਪਣੇ ਹੱਥਾਂ ਵਿੱਚ ਲਿਆ ਹੋਇਆ ਹੈ ਜੋ ਵੀ ਸਿੱਖੀ ਨੂੰ ਖਤਮ ਕਰਨ ਵਿੱਚ ਸਹਾਈ ਹੋ ਰਿਹਾ ਹੈ ਉਸ ਦੀ ਮਦਦ ਕਰਦੀ ਹੈ। ਲਿਟਰੇਚਰ ਗਲਤ ਮਲਤ ਛਾਪੀ ਜਾ ਰਹੀ ਹੈ ਜਿਸ ਦਾ ਕੋਈ ਜਵਾਬ ਨਹੀਂ ਅਖੰਡਪਾਠ, ਸਹਿਜਪਾਠ ਕਰੇ ਕਰਾਏ ਵੰਡੇ ਜਾਂਦੇ ਹਨ, ਅਰਦਾਸਾਂ ਉਪਰੰਤ ਹੁਕਮਨਾਮਾ ਫੋਨਾਂ ਤੇ ਭੇਜੇ ਜਾਂਦੇ ਹਨ। ਜਿਹੜਾ ਵੀ ਕੋਈ ਵਿਰੋਧਤਾ ਕਰਦਾ ਹੈ ਉਹ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਜਾਂਦਾ ਹੈ। ਮੁਕਦੀ ਗੱਲ ਇਹ ਹੈ ਕਿ ਅੱਜ ਦੀ ਸਿੱਖੀ ਸਿਆਸਤ ਦੇ ਗੰਦਲੇਪਣ ਵਿੱਚ ਲਿਬੜੀ ਗਈ ਹੈ ਕੋਈ ਰਾਹ ਨਹੀਂ ਮਿਲ ਰਿਹਾ ਕਿਉਂਕਿ ਗਿਰਵੀ ਰੱਖੀ ਹੋਈ ਹੈ। ਸੋ ਜਿਸ ਪਾਸ ਗਿਰਵੀ ਹੈ ਉਹ ਚੰਮ ਦੀਆਂ ਚਲਾ ਰਿਹਾ ਹੈ ਤੇ ਜਿਸ ਨੇ ਰੱਖੀ ਹੋਈ ਹੈ ਉਸ ਦਾ ਇਕੋ ਇਕ ਮਕਸਦ ਕਿ ਉਸ ਦਾ ਪਰਿਵਾਰ ਰਾਜ ਕਰੇ ਤੇ ਬਾਕੇ ਚਮਚੇ ਤਾਂ ਟੁਕੜਾਂ ਨਾਲ 'ਜੀ ਹਜ਼ੂਰੀ' ਕਰੀ ਜਾ ਰਹੇ ਹਨ। ਸਿੱਖੀ ਦੇ ਪ੍ਰਚਾਰ ਲਈ ਸੰਸਥਾਵਾਂ ਬਹੁਤ ਹਨ ਪਰ ਕਿਸੇ ਦੀ ਚਲਣ ਨਹੀਂ ਦਿੱਤੀ ਜਾਂਦੀ ਹਰ ਇਕ ਨੂੰ ਖਰੀਦ ਲਿਆ ਜਾਂਦਾ ਹੈ। ਆਪਣੀ ਕੌਮ ਦਾ ਕੋਈ ਟੀ.ਵੀ. ਚੈਨਲ ਤੇ ਅਖਬਾਰ ਨਹੀਂ ਜੋ ਇਕੋ ਇਕ ਹੈ ਉਹ ਪਹਿਲੇ ਦਿਨ ਤੋਂ ਬੋਲ ਜ਼ਰੂਰ ਰਿਹਾ ਹੈ ਪਰ ਉਸ ਵਿੱਚ ਇਕੱਲੇ ਦੀ ਗੱਲ ਦਾ ਕਿੰਨਾ ਕੁ ਅਸਰ ਹੈ ? ਸਪੋਕਸਮੈਨ ਤੋਂ ਬਿਨਾਂ ਕੋਈ ਹੋਰ ਅਖਬਾਰ ਨਹੀਂ ਹੈ। ਜੋ ਸਿਰਫ ਸਿੱਖੀ ਦੀ ਗੱਲ ਕਰੇ।

ਪਿਛਲੇ 50 ਸਾਲਾਂ ਤੋਂ ਲੇਖੇ-ਜੋਖੇ ਦੀ ਜੇ ਗੱਲ ਕਰੀਏ ਤਾਂ ਇਹੀ ਕਹਿਣਾ ਉਚਿਤ ਹੋਵੇਗਾ ਕਿ ਜੋ ਘਾਣ ਇਨ੍ਹਾਂ ਸਾਲਾਂ ਵਿੱਚ ਹੋਇਆ ਹੈ ਉਹ 100 ਸਾਲਾਂ ਵਿੱਚ ਵੀ ਭਰਿਆ ਨਹੀਂ ਜਾਣਾ। ਖਾਸ ਕਰਕੇ ਆਹ ਪਿਛਲੇ ਦੋ ਕੁ ਦਹਾਕੇ ਤਾਂ ਅਤਿ ਦੇ ਗੰਭੀਰ ਰਹੇ ਹਨ ਹਰ ਚੜ੍ਹਦੇ ਸੂਰਜ ਕੋਈ ਨਵੀਂ ਉਲਝਣ ਕੋਈ ਨਵੀਂ ਚਨੌਤੀ ਆ ਰਹੀ ਹੈ। ਅਕਾਲੀ ਸਰਕਾਰ ਦੇ 10 ਸਾਲਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਹੋਈ ਪਰ ਉਸ ਦੇ ਦੋਸ਼ੀ ਨਾ ਫੜੇ ਜਾਣੇ ਕਿੰਨੀ ਸ਼ਰਮ ਦੀ ਗੱਲ ਹੈ। ਸਾਫ਼-ਸਾਫ਼ ਕੰਧ ਦੇ ਲਿਖਿਆ ਪੜ੍ਹਿਆ ਜਾ ਸਕਦਾ ਹੈ। ਲਗਭਗ 95% ਸਿੱਖਾਂ ਨੇ ਅੰਦਰਖਾਤੇ ਜਾਂ ਸ਼ਰੇਆਮ, ਲਾਹਨਤਾ ਪਾਈਆਂ, ਗੀਤ, ਲੇਖ, ਕਵਿਤਾਵਾਂ, ਸੰਪਾਦਕੀ ਲਿਖੇ ਗਏ ਪਰ ਧਨ ਹਨ ਇਹ ਜਿਗਰੇ ਵਾਲੇ ਬਾਬਾ ਬੋਹੜ ਜੀ ਜਿਨਾਂ ਦੇ ਕੰਨ 'ਤੇ ਜੂੰ ਤਕ ਨਹੀਂ ਸਿਰਦੀ। ਧੰਨ ਹੈ ਇਹ ਪੰਥ ਰਤਨ ਦਾ ਖਿਤਾਬ ਪ੍ਰਾਪਤ ਕਰਨ ਵਾਲਾ ਵਾਹਿਗੁਰੂ ਭਲੀ ਕਰੇਗਾ।

ਮੀਡੀਏ ਵਿੱਚ ਕੁਝ ਨਹੀਂ ਆ ਰਿਹਾ। ਹਾਂ ਸ਼ੋਸ਼ਲ ਮੀਡੀਏ ਨੇ ਕਾਫੀ ਕੁਝ ਕੀਤਾ ਹੈ ਤੇ ਕਰਦਾ ਆ

ਰਿਹਾ ਹੈ ਪਰ ਇਸ ਦਾ ਅਸਰ ਏਨੀ ਜਲਦੀ ਹੋਣ ਵਾਲਾ ਨਹੀਂ ਹੈ ਕਿਉਂਕਿ ਬਹੁਤਿਆਂ ਦੇ ਮਨਾਂ ਵਿੱਚ ਪੁਰਾਣੀ ਛਬੀ ਹੀ ਬਣੀ ਹੋਈ ਹੈ। ਠੀਕ ਹੈ ਅਜੇਹੇ ਗੁਰਪੁਰਬ ਮੰਨਾਉਣੇ ਚਾਹੀਦੇ ਹਨ। ਸਿਰਫ ਛੋਛੇਬਾਜ਼ੀਆਂ ਜਾਂ ਧੰਨ ਇਕੱਠਾ ਕਰਨ ਲਈ ਨਹੀਂ ਸਿੱਖੀ ਦਾ ਪ੍ਰਚਾਰ, ਇਸ ਦੀ ਕਾਇਮੀ ਲਈ ਦੂਰ ਅੰਦੇਸ਼ੀ ਤੇ ਵਿਰੋਧੀਆਂ ਤੋਂ ਚੁਸੇਤ ਰਹਿਣ ਲਈ ਗੰਭੀਰ ਸੋਚ ਵਿਚਾਂਰ, ਸੈਮੀਨਾਰ ਆਦਿ ਕਰਵਾਏ ਜਾਣ। ਇਸ ਦੇ ਵਿਰੁੱਧ ਡਟ ਕੇ ਲੜਨ ਲਈ ਤਿਆਰ ਕਰਨਾ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਹੈ ਕਿ ਆਪਣੇ ਅਧਿਕਾਰ ਖੇਤਰ ਦੀ ਵਰਤੋਂ ਕਰਕੇ ਬਾਬੇ ਨਾਨਕ ਦੀ ਸਿੱਖੀ ਨੂੰ ਪਹਿਲ ਦੇਵੇ। ਵੱਧ ਤੋਂ ਵੱਧ ਲਿਟਰੇਚਰ ਮੁਫਤ ਦੇਵੇ। ਉਚੇਚੇ ਪ੍ਰਬੰਧ ਕੀਤੇ ਜਾਣ, ਸਿਆਸਤ ਤੋਂ ਦੂਰ ਰਹੇ ਆਦਿ। ਸਮੇਂ ਦੀ ਮੰਗ ਹੈ ਕਿ ਕੌਮ ਦੇ ਪ੍ਰਚਾਰਕ ਜਿਨਾਂ ਵਿੱਚ ਰਾਗੀ, ਢਾਡੀ, ਕਥਾ ਵਾਚਕ, ਲਿਖਾਰੀ, ਕਵੀ, ਸੰਪਾਦਕ ਆਦਿ ਸਿੱਖੀ ਵਿਰੁਧ ਚਲ ਰਹੀਆਂ ਘਿਨਾਉਣੀ ਚਾਲਾਂ ਦੇ ਖਿਲਾਰ ਪੂਰੀ ਸ਼ਿਦਕ, ਹਿੰਮਤ ਤੇ ਦਲੇਰੀ ਨਾਲ ਬੋਲਣ, ਲਿਖਣ ਪ੍ਰਚਾਰ ਕਰਨ ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਸਿੱਖੀ ਦੀ ਡੁੱਬਦੀ ਬੇੜੀ ਨੂੰ ਬਚਾਉਣ ਵਾਲੇ, ਗਿਆਨ ਦਿੱਤ ਸਿੰਘ ਤੇ ਪ੍ਰੋ: ਗੁਰਮੁਖ ਸਿੰਘ ਨੇ ਨਿਧੜਕ ਹੋ ਕੇ ਕਾਠ ਦੀ ਤਲਵਾਰ ਨਾਲ ਹੀ ਲੜੇ ਸਨ। ਭਾਵੇਂ ਕੌਮ ਦੇ ਉਨ੍ਹਾਂ ਦਾ ਮੁੱਲ ਨਹੀਂ ਪਾਇਆ ਪਰ ਗਾਹੇ-ਵਗਾਹੇ ਉਨ੍ਹਾਂ ਦੀ ਲੋੜ ਮਹਿਸੂਸ ਕੀਤੀ ਜਾ ਰਹੇ। ਹੁਣ ਤੁਹਾਡੀ ਇਹੀ ਡਿਊਟੀ ਬਣਦੀ ਹੈ ਕਿ ਆਪਣੇ ਨਿੱਜੀ ਹਿੱਤਾਂ ਨੂੰ ਤਿਆਗ ਕੇ, ਖੁੱਲ ਕੇ ਮੈਦਾਨ ਵਿੱਚ ਆਵੋ। ਜੇ ਤੁਸੀਂ ਇਹ ਜ਼ਿਮੇਵਾਰੀ ਨਹੀਂ ਨਿਭਾਉਗੇ ਤਾਂ ਦੋਖੀਆਂ ਦੇ ਨਾਲ-ਨਾਲ ਆਉਣ ਵਾਲੀਆਂ ਨਸਲਾਂ ਤੁਹਾਨੂੰ ਵੀ ਮੁਆਫ਼ ਨਹੀਂ ਕਰਨ ਗਈਆਂ। ਜੋ ਇਤਿਹਾਸ ਲਿਖਿਆ ਜਾਵੇਗਾ, ਇਕ-ਇਕ ਅੱਖਰ ਸੱਚੋ-ਸੱਚ ਹੋਵੇਗਾ ਦੇ ਸਾਡੀਆਂ ਨਸਲਾਂ ਇਨ੍ਹਾਂ ਦਾ ਨਿਪਟਾਰਾ ਕਰਨ ਗਈਆਂ। ਇਸ ਲਈ ਜ਼ਰੂਰੀ ਹੈ ਸੱਚੋ-ਸੱਚ ਲਿਖੋ, ਬੋਲੋ, ਪ੍ਰਚਾਰੋ ਨਹੀਂ ਤੇ ਦੋਸੀ ਤੇ ਤੁਹਾਡੇ ਵਿੱਚ ਕੋਈ ਅੰਤਰ ਨਹੀਂ ਹੋਵੇ।

9465216530

ਆਖਰੀ ਕਿਸ਼ਤ ਅਗਲੇ ਮਹੀਨੇ

****

ਸਫ਼ਾ 22 ਦਾ ਬਾਕੀ

ਪਹਿਲੀ ਵਾਰ ਪੂਰਬ ਤੇ ਪੱਛਮ ਦੇ ਧਰਮਾਂ ਵਿੱਚ ਗੋਸ਼ਟ ਚਰਚਾ ਅਤੇ ਵਿਚਾਰ ਵਟਾਂਦਰਾ ਰੌਸ਼ਨ ਜ਼ਮੀਰ ਜੁੱਗ ਆਰੰਭਿਆ। ਜਿਸ ਦੁਨੀਆਂ ਵਿੱਚ ਹਿੰਦੂ ਹਰ ਇਸਾਈ ਅਤੇ ਮੁਸਲਮਾਨ ਨੂੰ ਮਲੇਛ ਕਹਿੰਦਾ ਸੀ ਤੇ ਮੁਸਲਮਾਨ ਹਰ ਹਿੰਦੂ ਅਤੇ ਬੋਧੀ ਨੂੰ ਕਾਫਰ ਮੰਨਦਾ ਸੀ। ਉਸ ਸੰਸਾਰ ਵਿੱਚ, ਗੁਰੂ ਨਾਨਕ ਦਾ ਪੂਰਬ ਤੇ ਪੱਛਮ ਦੇ ਹਰ ਧਾਰਮਕ ਕੇਂਦਰ 'ਤੇ ਇਹ ਸਿੱਧ ਕਰਨਾ ਕਿ ਹਿੰਦੂ, ਮੁਸਲਮਾਨ ਬੋਧੀ, ਮੁਸਾਈ, ਇਸਾਈ ਸਭ ਭਿੰਨ ਭਿੰਨ ਨਸਲੀ ਪਹਿਰਵਿਆਂ ਵਿੱਚ ਵੱਖਰੇ-ਵੱਖਰੇ ਮਾਰਗਾਂ 'ਤੇ ਚਲਣ ਵਾਲੇ, ਇਕੋ ਸੱਚ ਦੇ ਪਾਂਧੀ ਹਨ। ਸਭ ਦੀ ਮੰਜਲ ਇਕੋ ਹੈ। ਉਨ੍ਹਾਂ ਨੇ ਆਪਣਾ ਆਦਰਸ਼ ਤੇ ਸਿਧਾਂਤ, ਸਥਾਪਤ ਕਰਦੇ ਹੋਏ ਸੰਸਾਰ ਨੂੰ ਏਹੋ ਸੇਧ ਦਿੱਤੀ ਕਿ ਜ਼ਮੀਰ ਦੀ ਅਜ਼ਾਦੀ, ਸਮਾਜਿਕ ਇਨਸਾਫ ਤੇ ਅਧਿਆਤਮਕ ਸੱਚਾਈ ਹਰ ਸਰੇਸ਼ਟ ਮਨੁੱਖ, ਹਰ ਉਚੇਰੇ ਧਰਮ ਤੇ ਸਿਧਾਂਤ ਦੀ ਮੰਜਲ ਹੈ।

ਉਹ ਇਸਲਾਮਿਕ ਦੇਸ਼ਾਂ ਮੱਕੇ, ਮਦੀਨੇ, ਬਗਦਾਦ ਯੁਰੋਸਲਮ ਵਿੱਚ ਅਰਬੀ ਫਾਰਸੀ ਵਿੱਚ ਚਰਚਾ ਕਰਦੇ ਰਹੇ, ਉਥੋਂ ਦੀਆਂ ਇਸਲਾਮੀ ਲਿਖਤਾਂ ਦੇ ਆਪ ਗੂੜ ਗਿਆਤਾ ਸਨ। ਲੰਕਾ ਦੀ ਸ਼ਿਲਾਲਿਖਤ ਤੋਂ ਸਿਧ ਹੁੰਦਾ ਹੈ ਕਿ ਉਹ ਬੋਧੀ ਭਿਖਸ਼ੂਆਂ ਨਾਲ ਸੰਸਕ੍ਰਿਤ ਅਤੇ ਪਾਲੀ ਭਾਸ਼ਾ ਵਿੱਚ ਗਿਆਨ ਚਰਚਾ ਕਰਦੇ ਸਨ। ਉਨ੍ਹਾਂ ਦੀ ਬਾਣੀ ਤੋਂ ਸਾਫ ਸਪੱਸ਼ਟ ਹੈ ਕਿ ਉਹ ਪ੍ਰਾਕ੍ਰਿਤ ਤੇ ਅਪ ਭ੍ਰੰਸ਼ ਦੇ ਵਿੱਚ ਵੀ ਨਿਪੁੰਨ ਸਨ। ਗੁਰੂ ਨਾਨਕ ਨੇ ਹਰ ਕੁਚਲੀ ਸ਼੍ਰੇਣੀ ਨੂੰ ਉਭਾਰਿਆ, ਹਰ ਦੀਨ ਦੁਖੀ ਦੀ ਪੁਕਾਰ ਸੁਣੀ। ਉਨ੍ਹਾਂ ਨੂੰ ਆਤਮਿਕ ਬਲ 'ਤੇ ਸਵੈ ਭਰੋਸਾ ਸੀ। ਉਹ ਅਮੀਰਾਂ ਦੇ ਮਹਿਲ ਮਾੜੀਆਂ, ਸਹਿਨਸ਼ਾਹਾਂ ਦੇ ਦਰਬਾਰਾਂ ਤੋਂ ਦੂਰ ਰਹਿੰਦੇ। ਗਰੀਬ, ਦੀਨ ਦੁਖੀ ਕੋੜ੍ਹੀ ਦੇ ਢਾਰੇ ਨੂੰ ਸੁਖ ਮੰਦਰ ਸਮਝਦੇ। ਢਾਰਿਆਂ ਨੂੰ ਖੁਸ਼ੀ ਤੇ ਸ਼ਾਂਤੀ ਦਿਤੀ। ਉਨ੍ਹਾਂ ਨੂੰ ਗਿਆਨ ਅਤੇ ਮਹਾਂਪੁਰਸ਼ਾਂ ਦੀ ਪਦਵੀ ਦੇ ਅਨੁਭਵ ਦਿੱਤੇ। ਇਸ ਤਰ੍ਹਾਂ ਗੁਰੂ ਨਾਨਕ ਅਧਿਆਤਿਮਵਾਦ ਦੇ ਨੇੜੇ ਰਹੇ।

9915560280

****

ਲੜੀਵਾਰ-ਕਿਸ਼ਤ 5

ਗੁਰੂ ਨਾਨਕ ਕਾਵਿ ਅੰਜਲੀ



-ਮਨਮੋਹਨ ਸਿੰਘ ਦਾਊਂ

ਚੌਥਾ ਸਰਗ

ਗੁਰੂ ਨਾਨਕ ਦੇ ਬ੍ਰਹਿਮੰਡ-ਉਜਾਲੇ ਦਾ ਚਿੰਤਨ ਕਰਦੀ ਕਵਿਤਾ

ਕਿੱਥੇ ਉਹ ਦੇਹਰਾ
ਉਹ ਧਰਮਸਾਲ ਕਿੱਥੇ
ਆਰਤੀ ਹੁੰਦੀ ਹੈ ਬ੍ਰਹਿਮੰਡ ਦੀ ਜਿੱਥੇ
ਕਿਰਤ ਦਾ ਦੀਵਾ ਬਲੇ।

-ਮੋਹਨਜੀਤ

ਨਾਨਕ

-ਪਿਆਰਾ ਸਿੰਘ ਸਹਿਰਾਈ

ਤੂੰ ਜੁਗਾਂ ਦੇ ਖ਼ਾਬ ਦੀ
ਤਾਸੀਰ ਸੈਂ
ਲੋਕਤਾ ਦੇ ਦਰਦ ਦੀ
ਅਕਸੀਰ ਸੈਂ।
ਟੀਸੀ ਸੈਂ ਤੂੰ ਇਲਮ ਦੀ
ਤੇ ਗਿਆਨ ਦੀ,
ਅਕਲ, ਜੋ ਕੁਝ ਵੀ ਨਵਾਂ ਪਰਵਾਨਦੀ।

ਨਵਾਂ ਸੀ ਪੁੰਗਰ ਰਿਹਾ
ਪਹਿਚਾਣਿਆ,
ਕਸ਼ਮਸ਼ ਨੂੰ ਘੋਖਿਆ
ਤੇ ਜਾਣਿਆ।

ਸਿਖਰ ਸੈਂ ਤੂੰ
ਉਸ ਸਮੇਂ ਦੇ ਘੋਲ ਦੀ,
ਤਾਹੀਓਂ ਤਾਂ ਹੈ
ਕਲਮ ਤੇਰੀ ਬੋਲਦੀ।
ਮਲਕ ਭਾਗੋ ਸੀ
ਪੁਰਾਣੇ ਦਾ ਨਿਸ਼ਾਨ,
ਭਾਈ ਲਾਲੋ
ਚਿੰਨ੍ਹ ਨਵੇਂ ਦਾ ਸੀ ਮਹਾਨ।

ਕਿਰਤ ਦੀ ਸ਼ਕਤੀ ਦੇ
ਸੋਹਲੇ ਤੂੰ ਗੰਵੇਂ
ਸਮਝਿਆ, ਇਤਿਹਾਸ
ਕਿਸ ਪਾਸੇ ਭੰਵੇਂ।

ਕਿਰਤ ਕੀਤੀ ਸਾਥ ਦਿੱਤਾ
ਕਿਰਤ ਦਾ
ਕਿਰਤ-ਹੱਥੋਂ ਹੀ ਤਾਂ
ਸਭ ਕੁਝ ਵਰਤਦਾ
ਕਿਰਤ ਸਾਂਝ ਦੀ ਨੀਂਹ, ਆਖਿਆ
ਆਓ ਕਿਰਤ ਦਾ ਅੰਮ੍ਰਿਤ ਪੀਓ,
"ਸਭੈ ਸਾਂਝੀਵਾਲ ਸਦਾਇਣ
ਕੋਈ ਨਾ ਦਿਸੇ ਬਾਹਰਾ ਜੀਓ",

(ਵਣ ਤ੍ਰਿਣ 'ਚੋਂ)

ਗੁਰੂ ਨਾਨਕ ਨੂੰ

-ਸੁਰਜੀਤ ਸਿੰਘ ਮਰਜਾਰਾ

ਮੰਗੂ ਵੀ ਉਡੀਕਦੇ ਨੇ, ਛੇੜੂ ਵੀ ਉਡੀਕਦੇ ਨੇ
ਪੈਲੀਆਂ ਨੂੰ ਲੱਗੀ ਹੈ ਪਿਆਸ
ਇਕ ਵਾਰੀ ਨਾਨਕੀ ਦੇ ਵੀਰ ਜੇ ਦਿਖਾਵੇਂ ਮੁੱਖ
ਪੁੱਗ ਜਾਵੇ ਸਭਨਾਂ ਦੀ ਆਸ

ਇਕ ਵਾਰੀ, ਪਹਿਲਾਂ ਵਾਂਗੂੰ ਫੇਰ ਨਨਕਾਣੇ ਵੱਲੋਂ
ਸਾਡੇ ਕੋਲੇ ਆ ਜਾ ਨਿਰੰਕਾਰ
ਮੇਟ ਧੁੰਧ, ਸਾਰੇ ਹੀ ਜਹਾਨ ਉੱਤੇ ਦਿਸਦੀ ਜੋ
ਦੂਰ ਕਰ ਸਾਰਾ ਅੰਧਕਾਰ
ਤੇਰਾ ਤੇਰਾ ਕਹਿ ਕੇ, ਤੂੰ ਤਾਂ ਹੋ ਗਿਆ ਸੀ ਸਾਰਿਆਂ ਦਾ
ਹੁਣ ਸਾਨੂੰ ਕਰੀਂ ਨਾ ਨਿਰਾਸ
ਪੈਲੀਆਂ ਨੂੰ ਲੱਗੀ ਹੈ ਪਿਆਸ

ਤੇਰੀ ਹੀ ਗਿਰਾਂ ਦੀ ਪਾਕ-ਧੂੜੀ ਕਦੋਂ ਤਕ?
ਲਾ ਨਾ ਸਕਾਂਗੇ ਮੱਥੇ ਛੋਹ
ਕਦੋਂ ਤੀਕ ਸਾਡੇ ਉੱਤੇ, ਬੰਦਸ਼ਾਂ ਇਹ ਰਹਿਣੀਆਂ ਨੇ?
ਕਦੋਂ ਹੋਊ ਚਾਨਣਾ ਵੇ ਲੋਅ?
ਇਕੋ ਧਰਤੀ ਦੇ ਪੁੱਤ, ਕਦੋਂ ਰਲ ਬੈਠਣੇ ਨੇ
ਕਦੋਂ ਸੱਚ ਹੋਣਗੇ ਕਿਆਸ?
ਪੈਲੀਆਂ ਨੂੰ ਲੱਗੀ ਹੈ ਪਿਆਸ

ਮਿੱਠੀ ਮਿੱਠੀ ਬਾਣੀ ਤੇਰੀ, ਮਿੱਠੇ-ਮਿੱਠੇ ਮਹਿਰਮਾ ਵੇ
ਮਿੱਠੇ-ਮਿੱਠੇ ਲਗਦੇ ਨੇ ਬੋਲ
ਮਿੱਠੇ ਮਿੱਠੇ ਬੋਲ ਜੇ ਸੁਣਾਵੇਂ ਇੱਕ ਵਾਰ ਆ ਕੇ
ਭਰ ਜਾਵੇ ਸਭਨਾਂ ਦੀ ਝੋਲ
ਉਂਝ ਤਾਂ ਦਿਲਾਂ ਦੇ ਕਹਿੰਦੇ, ਦਿਲਾਂ ਨੂੰ ਵੀ ਰਾਹ ਹੁੰਦੇ
ਕਰ ਸਾਡੇ ਕਾਰਜਾਂ ਨੂੰ ਰਾਸ
ਪੈਲੀਆਂ ਨੂੰ ਲੱਗੀ ਹੈ ਪਿਆਸ

(ਚੰਦਨ ਦੀ ਖੁਸ਼ਬੋ 'ਚੋਂ)

ਰਬਾਬ

-ਸੁਰਜੀਤ ਸਿੰਘ ਮਰਜਾਹਾ

ਨਾਨਕ ਜੀ, ਟੋਲ੍ਹਦਾ ਹਾਂ, ਤੇਰੀ ਰਬਾਬ ਨੂੰ
ਮੁੜ ਤੋਂ ਜੋ ਸ਼ਾਂਤ ਕਰ ਸਕੇ, ਸੜਦੇ ਪੰਜਾਬ ਨੂੰ

ਤੂੰ ਆਖਿਆ ਸੀ ਬਾਬਾ, 'ਉਤਮੁ ਨੀਚੁ ਨਾ ਕੋਇ'
ਪਰਬਤ ਨੇ ਵਿਤਕਰੇ ਦੇ, ਥਾਂ ਥਾਂ 'ਤੇ ਅੱਜ ਖਲੋਏ

ਮਾਲੀ ਹੀ ਪਏ ਮਧੋਲਣ, ਸੂਹੇ ਗੁਲਾਬ ਨੂੰ
ਨਾਨਕ ਜੀ, ਟੋਲ੍ਹਦਾ ਹਾਂ, ਤੇਰੀ ਰਬਾਬ ਨੂੰ

ਏਹ ਸੋਚਿਆ ਸੀ ਕੋਈ ਆਵੇਗਾ ਸਾਡੇ ਕੋਲ
ਮਨੁੱਖਤਾ ਦੇ ਤਾਈਂ, ਦੇਵੇਗਾ ਮਿੱਠੇ ਬੋਲ

ਪਰ ਨਾ ਕਦੇ ਉਹ ਆਇਆ, ਪੁੱਛਣ ਹਿਸਾਬ ਨੂੰ
ਨਾਨਕ ਜੀ, ਟੋਲ੍ਹਦਾ ਹਾਂ, ਤੇਰੀ ਰਬਾਬ ਨੂੰ

ਇੱਕ ਅੱਗ ਏਥੇ ਬਾਬਾ, ਹਰ ਦਿਲ 'ਚ ਸੁਲਗਦੀ
ਨਿੱਤ ਡੈਣ ਕੋਈ ਆਕੇ, ਅੰਗਿਆਰ ਉਗਲਦੀ

ਲਿਖਤਾਂ ਵੀ ਫਾੜ ਸੁੱਟੀਆਂ, ਸੁੱਟਿਆ ਕਿਤਾਬ ਨੂੰ
ਨਾਨਕ ਜੀ, ਟੋਲ੍ਹਦਾ ਹਾਂ, ਤੇਰੀ ਰਬਾਬ ਨੂੰ

ਜੋ ਵੀ ਵਲੀ ਕੰਧਾਰੀ, ਪਰਬਤ ਨੂੰ ਰੋੜ੍ਹਦੇ
ਵਰਤਾਅ ਕਲਾ ਤੂੰ ਐਸੀ, ਹੱਥਾਂ ਨੂੰ ਮੋੜ ਦੇ

ਤੂੰ ਪਾਤਸ਼ਾਹ 'ਸੁਰਜੀਤ' ਹੈਂ, ਆਖਾਂ ਮੈਂ ਸਾਹਿਬ ਨੂੰ
ਨਾਨਕ ਜੀ, ਟੋਲ੍ਹਦਾ ਹਾਂ, ਤੇਰੀ ਰਬਾਬ ਨੂੰ

ਨਾਨਕ ਜੀ, ਟੋਲ੍ਹਦਾ ਹਾਂ, ਤੇਰੀ ਰਬਾਬ ਨੂੰ
ਮੁੜ ਤੋਂ ਜੋ ਸ਼ਾਂਤ ਕਰ ਸਕੇ, ਸੜਦੇ ਪੰਜਾਬ ਨੂੰ।

(ਦੀਵਾ ਬਲਦਾ ਜਾਏ 'ਚੋਂ)

ਨਾਨਕ ਆਗਮਨ (1469 ਈਸਵੀ)

-ਗੁਰਦੇਵ ਸਿੰਘ ਰਾਏ

ਉਸ ਧਰਤੀ ਦੀ ਛੋਹ ਤੋਂ ਕੁਦਰਤ ਸਦ ਬਲਿਹਾਰ।
ਨਾਨਕ ਹੋਇਆ ਆਗਮਨ ਕਲਾ ਨਾਰਾਇਣ ਧਾਰ।
ਸੰਨ ਚੌਦਾਂ ਸੌ ਉਨ੍ਹੱਤਰ ਪੰਦਰਾਂ ਅਪ੍ਰੈਲ ਵਾਰ।
ਮਾਤਾ ਤ੍ਰਿਪਤਾ ਕੁੱਖ ਨੂੰ ਲੱਗਾ ਭਾਗ ਅਪਾਰ।
ਖਬਰ ਸੁਣਾਈ ਦੌਲਤਾਂ ਦਾਈ ਨੇ ਫਿਰ ਆਣ।
ਨੂਰੀ ਚਿਹਰਾ ਲਿਸ਼ਕਦਾ ਬੁੱਲ੍ਹਾਂ ਤੇ ਮੁਸਕਾਣ।
ਖੇੜੇ ਵਿੱਚ ਕੁਲ ਕਾਇਨਾਤ ਨੱਚ ਨੱਚ ਉੱਠੀ ਆਪ।
ਨਾਨਕ ਨੂਰ ਨਾਰਾਇਣ ਦਾ ਰੂਪ ਰਿਹਾ ਸੀ ਜਾਪ।
ਚੰਦ੍ਰਮਾ ਪ੍ਰਕਾਸ਼ ਨੇ ਝੁੱਠ ਝੁੱਕ ਕਰੀ ਸਲਾਮ।
ਫਿਰ ਫਿਜ਼ਾ 'ਚ ਗੂੰਜਿਆ ਖੁਸ਼ੀਆਂ ਦਾ ਪੈਗਾਮ।
ਤਾਰੇ ਰਿਸ਼ਮਾਂ ਛੱਡਦੇ ਭਰ ਭਰ ਵੰਡਣ ਝੋਲ।
ਨਾਨਕ ਦੇ ਪ੍ਰਕਾਸ਼ ਸੰਗ ਕਿਰਨਾਂ ਕਰਦੀਆਂ ਚੋਹਲ।
ਕੋਮਲ ਨਿੱਕੜੇ ਬਾਲ ਦੇ ਅਜਬ ਨੂਰਾਨੀ ਨੈਣ।
ਤਰਕ ਵੈਰਾਗ ਵਿਵੇਕ ਦੀ ਬਾਤ ਅਨੋਖੀ ਕਹਿਣ।
ਨਾਨਕ ਬੁੱਧ ਪ੍ਰਕਾਸ਼ ਦੀ ਖੁਸ਼ੀ ਹੋਈ ਇਸ ਲੋਕ।
ਜਗਤ ਜਲੰਦਾ ਰੱਖਣਾ ਜੈ ਜੈ ਜੈ ਸੁਰ ਲੋਕ।
ਲੋਕ ਵਧਾਈਆਂ ਦੇਵੰਦੇ ਦੂਰੋਂ ਨੇੜਿਉਂ ਆ।
ਭੈਣ ਨਾਨਕੀ ਖੁਸ਼ੀ ਵਿੱਚ ਰਹੀ ਸੀ ਕਿਕਲੀ ਪਾ।
ਗੋਦੀ ਚੁੱਕ ਖਿਡਾਵੰਦੀ ਵਿੱਚ ਅਗੰਮੀ ਚਾਅ।
ਕਦੀ ਪੰਘੂੜੇ ਪਾਇਕੇ ਦਿੰਦੀ ਵੀਰ ਸੁਲਾਅ।
ਵੀਰ ਪਿਆਰੇ ਹੋਵੰਦੇ ਭੈਣਾਂ ਤਾਈਂ ਅਮੁੱਲ।

ਸੁੱਖਾਂ ਸੁੱਖਣ ਵੀਰ ਲਈ ਕੁਝ ਨਾ ਇਸ ਦੇ ਤੁੱਲ।
ਗਮੀ ਖੁਸ਼ੀ ਵਿੱਚ ਦੋਹਾਂ ਦਾ ਜੋ ਪ੍ਰਸਪਰ ਧਰਵਾਸ।
ਇਸ ਨੂੰ ਸਕਦਾ ਜਾਣ ਹੈ ਕੇਵਲ ਨਿੱਜ ਅਹਿਸਾਸ।
ਦੇਣ ਵਧਾਈਆਂ ਲੋਕ ਬਹੁ ਆਕੇ ਵਾਰੋ ਵਾਰ।
ਬਾਬਾ ਕਾਲੂ ਸ਼ਗਨ ਸੀ ਵੰਡਦਾ ਨਾਲ ਪਿਆਰ।
ਨਿੱਕੇ ਨਿੱਕੇ ਬਾਲੜੇ ਆਉਣ ਟੋਲੀਆਂ ਬੰਨ੍ਹ।
ਮਾਤਾ ਤ੍ਰਿਪਤਾ ਵੰਡਦੀ ਭਰ ਭਰ ਮੁੱਠਾਂ ਧੱਨ।
ਦੇਣ ਵਧਾਈਆਂ ਆ ਗਿਆ ਫਿਰ ਪੰਡਿਤ ਹਰਦਿਆਲ।
ਜਨਮ ਤਿੱਥ ਤਾਰੀਖ ਦਾ ਪੁੱਛਦਾ ਹਾਲ ਹਵਾਲ।
ਘਰੀਂ ਜਾਇਕੇ ਪੱਤਰੀ ਕੀਤੀ ਉਸ ਨੇ ਤਿਆਰ।
ਤੋਰਨ ਖਾਤਿਰ ਵੰਸ਼ ਨੂੰ ਹਰ ਕੋਈ ਚਾਹੇ ਔਲਾਦ।
ਮਨ ਇੱਛੁਤ ਫਲ ਪਾਵੰਦਾ ਜਿਸ ਨੂੰ ਧੁਰੋਂ ਮੁਰਾਦ।
ਧੀਆਂ ਪੁੱਤ ਔਲਾਦ ਨਾਲ ਚਲਦੀ ਅੱਗੇ ਤੋਰ।
ਸਾਰੀ ਜੀਵਨ ਤੋਰ ਤੇ ਚੱਲਦਾ ਘੱਟ ਹੈ ਜ਼ੋਰ।
ਤਿੱਥ ਨਛੱਤਰ ਵੱਖ ਵੱਖ ਹੁੰਦੇ ਵਿੱਚ ਸੰਸਾਰ।
ਜੈਸੀ ਸੂਰਜ ਸਾਹਮਣੇ ਧਰਤਿ ਗਤੀ ਰਫਤਾਰ।
ਹਰ ਰਾਸ਼ੀ ਵਿੱਚ ਜੀਵੰਦੇ ਇੱਥੇ ਅਨੰਤਾਂ ਲੋਗ।
ਕਿਧਰੇ ਹੁੰਦਾ ਹਰਖ ਹੈ ਕਿਧਰੇ ਹੁੰਦਾ ਸੋਗ।
ਪਾਂਧੇ ਲਿਖੀ ਪੱਤਰੀ ਗ੍ਰਹਿਆਂ ਦੇ ਅਨੁਸਾਰ।
ਐਪਰ ਕੁਦਰਤ ਭੇਤ ਦਾ ਕਥਨਾ ਕਰੜਾ ਸਾਰ।
ਨੂਰੀ ਨਾਨਕ ਪ੍ਰਗਟਿਆ ਧੁਰੋਂ ਸੰਪੂਰਨ ਬੁੱਧ।
ਪਰਮ ਸੱਚ ਤੇ ਸੱਚ ਦੀ ਪੂਰਨ ਬਖਸ਼ਿਸ਼ ਸੁੱਧ।

ਜਮਨਾ ਕੰਢੇ ਸੱਚ ਦਾ ਗਿਆਨ

-ਗੁਰਦੇਵ ਸਿੰਘ ਰਾਏ

ਜਮਨਾ ਲਾਗੇ ਵਗਦੀ ਜਿਓਂ ਚਾਂਦੀ ਦੀ ਲੀਕ।
ਨਾਨਕ ਦੇ ਦੀਦਾਰ ਨੂੰ ਰਹੀ ਸੀ ਜਿਵੇਂ ਉਡੀਕ।
ਕਿਧਰੇ ਛੱਲਾਂ ਵਗਦੀਆਂ ਲਹਿਰਾਂ ਕਰਨ ਕਲੋਲ।
ਆਪਸ ਰਲ ਮਿਲ ਜਾਂਦੀਆਂ ਵਿੱਚ ਪਰਕਿਰਤੀ ਚੋਹਲ।
ਆਇਆ ਬਾਬਾ ਚੱਲ ਕੇ ਵੰਡਣ ਮਨ ਪ੍ਰਕਾਸ਼।
ਜਮਨਾ ਕੰਢੇ ਆਣ ਕੇ ਕੀਤਾ ਕੁਝ ਚਿਰ ਵਾਸ।
ਉੱਥੇ ਮਜਨੂੰ ਨਾਮ ਦਾ ਮੁਸਲਿਮ ਇਕ ਫਕੀਰ।
ਹੱਠ ਯੋਗ ਦੇ ਕਾਰਨੇ ਨਿਰਬਲ ਹੋਇਆ ਸਰੀਰ।
ਕਠਨ ਨਿਰੰਤਰ ਹਠ ਨਾਲ ਭਟਕਿਆ ਉਸ ਦਾ ਮਨ।
ਭਟਕਣ ਵੇਗ ਅਮੋੜ ਨੂੰ ਸਕਿਆ ਨਾਹੀਂ ਬੰਨ੍ਹ।
ਸ੍ਰੀ ਨਾਨਕ ਨੇ ਆਣਕੇ ਕੀਤਾ ਹੱਲ ਸਵਾਲ।
ਗੁੱਝੇ ਭੇਤ ਖੁਦਾਇ ਦੇ ਸੁਣ ਕੇ ਹੋਇਆ ਨਿਹਾਲ।
ਨੱਚਣ ਲੱਗਾ, ਖੁਸ਼ੀ ਵਿੱਚ ਲੱਗਾ ਪਾਉਣ ਧਮਾਲ।
ਕਹਿੰਦਾ ਨਾਨਕ ਪੀਰ ਹੈ ਨੂਰੀ ਜੋਤਿ ਕਮਾਲ।
ਕੁਝ ਚਿਰ ਮਜਨੂੰ ਕੋਲ ਹੀ ਸਤਿਗੁਰਿ ਕੀਤਾ ਵਾਸ।
ਹਿੰਦੂ ਮੁਸਲਿਮ ਪੀਰ ਬਹੁ ਆਏ ਉਨ੍ਹਾਂ ਦੇ ਪਾਸ।
ਬਾਬੇ ਦੱਸਿਆ ਸਹਿਜ ਪਦ ਜੀਵਨ ਸੰਦੀ ਮੇਲ।
ਅੰਤਿਮ ਸੱਚ ਰਜ਼ਾਇ ਹੈ ਜੋ ਕੁਦਰਤ ਦਾ ਖੇਲ੍ਹ।
ਸਭਨਾਂ ਕੀਤੀਆਂ ਗੋਸ਼ਟਾਂ ਹੋਏ ਬਹੁ ਪ੍ਰਸੰਨ।
ਪਰਮ ਸੱਤਿ ਨੂੰ ਸਮਝ ਕੇ ਆਖ ਰਹੇ ਧੰਨ ਧੰਨ।

(ਚੜ੍ਹਿਆ ਸੋਧਣਿ ਧਰਤਿ ਲੁਕਾਈ ਮਹਾਂਕਾਵਿ 'ਚੋਂ)

ਚਾਨਣ ਉਦੈ

-ਮੋਹਨਜੀਤ

ਹਨੇਰਾ ਸੰਘਣਾ ਈ ਨਹੀਂ ਪੀਡਾ ਵੀ ਸੀ
ਚਟਾਨ ਵਰਗਾ
ਪਹਾੜ ਜੇਡਾ
ਪਤਾਲ ਵਰਗਾ

ਘੁਟਣ ਸੀ
ਹੁੰਮਸ ਸੀ
ਤੇ ਸੰਸਿਆਂ ਦਾ ਮੁਸਮੁਸਾ

ਕਿ ਬਾਲ ਦੀ ਪਹਿਲੀ ਚੀਕ ਨਾਲ ਪਹੁ ਫੁੱਟੀ
ਚਟਾਨ ਤਿੜਕੀ
ਪੌਣ ਰੁਮਕੀ
ਵਿਹੜਾ ਰੌਸ਼ਨੀ 'ਚ ਭਿੱਜ ਗਿਆ

ਘੜੀ ਬੀਤੀ
ਪਹਿਰ ਲੰਘੇ
ਦਿਹੁੰ ਆਏ
ਵਰ੍ਹੇ ਗੁਜ਼ਰੇ
ਤੇ ਉਹ ਜੋ ਰੌਸ਼ਨੀ ਦਾ ਘੇਰਾ ਸੀ
ਬਾਲ-ਮੁੱਖ ਤੋਂ ਉਦੈ ਹੋਇਆ
ਚੌਹਾਂ ਦਿਸ਼ਾਂ ਵਿੱਚ ਰੰਮਿਆ

ਤੇ ਉਹ ਜੋ ਚੀਕ ਸੀ ਪਹਿਲੀ
ਬੋਲ ਹੋਈ
ਸ਼ਬਦ ਹੋਈ
ਨਾਦ-ਸੰਗੀਤ ਹੋਈ
ਸੁਰਤਿ ਵਿਸਮਾਦ ਹੋਈ
ਹਨੇਰੇ ਤੋਂ ਸਵੇਰੇ ਤਕ
ਚੀਕ ਤੋਂ ਸੰਗੀਤ ਤਕ
ਸਫ਼ਰ ਸੀ ਅੰਤਰ ਤੇ ਬਾਹਰ ਦਾ
ਸੰਵਾਦ ਸੀ ਚੁੱਪ ਤੇ ਕੁਹਰਾਮ ਦਾ
ਗੋਸ਼ਟ ਸੀ ਭੇਖ ਤੇ ਨਿਰਲੇਪ ਦੀ

ਪੈਂਡਾ ਉਮਰ ਦਾ ਸੀ
ਗੱਲ ਗੁੱਝੇ ਰਹੱਸ ਦੀ,
ਬੁੱਝੇ ਰਹੱਸ ਦੀ ਸੀ
ਚਿਤਵਨ, ਚੇਤਨਾ ਤੇ ਸਾਧਨਾ ਦੀ ਲੀਲ੍ਹਾ ਸੀ

ਹੱਥ ਸਨ-ਕਿ ਅੰਤਲੀ ਉਮਰੇ ਵੀ ਮਿੱਟੀ ਦਾ ਮੋਹ ਨਿਭਿਆ
ਛੁਹ ਸੀ ਕਿ ਪਹਾੜ ਰੁਕੇ
ਚਸ਼ਮੇ ਵਗੇ

ਜਾਦੂ ਰਬਾਬ ਦਾ ਸੀ
ਟੂਣੇ ਮਿਟੇ
ਸੂਰਜ ਚੜ੍ਹੇ
ਮੀਂਹ ਵਰ੍ਹੇ ਸ਼ਮਸ਼ਮ
ਰੱਕੜ ਹਰੇ ਰੁਣਝੁਣ ਰੁਣਝੁਣ
ਸਰੂਰ ਸ਼ਬਦ ਦਾ ਸੀ
ਤਾਰੇ ਜਗੇ ਝਿਲਮਿਲ ਝਿਲਮਿਲ
ਧਰਮ ਤਾਂ ਕਰਮ ਦਾ ਪਰਤੌਂ ਸੀ
ਸੁਹਜ ਦਾ ਜਲੌ ਸੀ
ਹਉਂ ਤੇ ਸੁਹਜ ਦਾ ਸ਼ਰੀਕਾ ਸੀ
ਪੱਟੀਆਂ ਮਿੱਟੀ 'ਚ ਅੱਟੀਆਂ
ਚੀਰੇ ਰੁਲੇ
ਅਸਮਤਾਂ ਲੁੱਟੀਆਂ
ਕਜਾਰਾ ਧੂੜ ਬਣਿਆ
ਵੱਗੀਂ ਸ਼ੀਂਹ ਚੜ੍ਹੇ

ਸੁਰਤਿ ਸੰਗੀਤ ਹੋਈ ਤਾਂ ਇਸ਼ਟ ਨਾਲ ਸੰਵਾਦ ਤੁਰਿਆ

ਕਿਥੇ ਉਹ ਦੇਹਰਾ
ਉਹ ਧਰਮਸ਼ਾਲ ਕਿੱਥੇ
ਆਰਤੀ ਹੁੰਦੀ ਹੈ ਬ੍ਰਹਿਮੰਡ ਦੀ ਜਿੱਥੇ
ਕਿਰਤ ਦਾ ਦੀਵਾ ਬਲੇ

ਮਰਮਰੀ ਭਵਨਾਂ
ਪੱਥਰਾਂ ਦੇ ਨਖਸ਼ਿਖ

ਸੁਨਹਿਰੀ ਛੱਤਰ ਵਾਲਾ ਰੱਬ ਮੇਰਾ ਨਹੀਂ

ਮੇਰਾ ਰੱਬ ਔਝੜ ਰਾਹਾਂ 'ਚ ਹੈ
ਘਰ ਤਾਂ ਹੋਰਨਾਂ ਵੀ ਛੱਡੇ
ਪਰ ਵਾਪਿਸ ਨਹੀਂ ਪਰਤੇ
ਉਹਨੇ ਘਰ ਵੀ ਛੱਡਿਆ ਤੇ ਪਰਤਕੇ ਵੀ ਆਇਆ
ਕਿ ਮੂਲ ਤੋਂ ਮੂਲ ਤਕ ਆਉਣਾ ਹੀ ਪਹਿਚਾਨ ਸੀ

ਘਰੋਂ ਤੁਰਿਆ ਤਾਂ ਕੱਲਾ ਸੀ
ਪਰਤਿਆ ਤਾਂ ਨਾਲ
ਸ਼ਬਦ ਸੀ
ਸੰਗਤ ਸੀ
ਸੰਗੀਤ ਸੀ

(ਉਹਲੇ ਵਿੱਚ ਉਜਆਰਾ 'ਚੋਂ)

ਨੂਰੀ ਸ਼ਬਦ ਦਾ ਜਨਮ

-ਮਨਮੋਹਨ ਸਿੰਘ ਦਾਊਂ

ਦਹਿਲੀਜ਼ 'ਤੇ
ਨਾ ਚਾਨਣ ਸੀ
ਨਾ ਨ੍ਹੇਰ ਸੀ
ਇੱਕ ਮਿੱਸਾ ਜਿਹਾ ਪਹਿਰ ਸੀ,
ਸੂਰਜ ਸੌਂ ਰਿਹਾ ਸੀ
ਖ਼ਾਮੋਸ਼ੀ ਦਾ ਆਲਮ ਸੀ
ਬਿੜਕ ਦੇ ਪੈਰਾਂ 'ਚ ਠਰਕ ਸੀ।

ਚਿਰਾਂ ਦੀ ਉਡੀਕ ਪਿੱਛੋਂ
ਅੱਗ ਦਹਿਲੀਜ਼ 'ਤੇ ਖੜ੍ਹੀ ਸੀ।
ਸੇਕ ਸੀ, ਬੇਰੜਾ ਜਿਹਾ ਨਿੱਘ ਸੀ
ਅੱਧ-ਸੁੱਤਾ ਜਿਹਾ ਚਾਨਣ ਸੀ
ਅੱਗ ਦੀ ਦੇਹੀ 'ਚ ਪੀੜ ਸੀ
ਧਰਵਾਸ ਸੀ, ਆਸ ਸੀ
ਅਣਕਿਆਸੇ ਤਰਲੇ ਦੀ ਹੂਕ ਸੀ
ਜੋ ਦਹਿਲੀਜ਼ ਤੋਂ
ਮੁਕਤ ਹੋਣਾ ਲੋਚਦੀ ਸੀ।

ਅਗਨ-ਪ੍ਰੀਖਿਆ ਪਾਰ ਕਰ
ਅੱਗ ਦੀ ਕੁੱਖ 'ਚੋਂ
ਨਿੰਮਿਆ ਬੀਜ,
ਫੁੱਲ ਬਣ ਖਿੜਿਆ ਸੂਰਜ
ਚਾਨਣ ਹੋਇਆ,
ਚੌਂਹ-ਕੁੰਟੀ ਜਗਮਗਾਇਆ,
ਨੂਰੀ ਸ਼ਬਦ ਦਾ
ਜਨਮ ਹੋਇਆ।

(ਉਦਾਸੀਆਂ ਦਾ ਬੂਹਾ-ਸੁਖਲਣੀ 'ਚੋਂ)

ਚਾਨਣ ਦੀਆਂ ਪੈੜਾਂ

-ਮਨਮੋਹਨ ਸਿੰਘ ਦਾਊਂ

ਜਦੋਂ ਉਹ ਤੁਰਿਆ
ਚਾਨਣ ਨਾਲ ਨਾਲ ਤੁਰਿਆ
ਸਮਾਂ ਤੁਰਿਆ।

ਰੁੱਤਾਂ ਨੂੰ ਖਿੜਨ ਦੀ
ਜਾਚ ਆਈ
ਮੌਸਮ ਜਾਗ ਉੱਠੇ
ਪਾਣੀ ਹੰਘਾਲੇ ਗਏ
ਸਰਵਰ ਨੂੰ
ਸੂਰਜ ਨੇ ਝਾਤ ਆਖੀ

ਜਦੋਂ ਉਹ ਤੁਰਿਆ
ਹਵਾਵਾਂ ਨੂੰ
ਸੰਗੀਤ ਸੁਣਨ ਦੀ
ਜਾਚ ਆਈ
ਬੋਲਾਂ ਨੂੰ ਸ਼ਬਦ ਮਿਲੇ
ਰਾਗ ਉਦੈ ਹੋਇਆ
ਸਾਜ਼ ਰਬਾਬ ਹੋਇਆ

ਦੋਸਤੀ ਨੂੰ ਅਰਥ ਮਿਲੇ
ਚਾਨਣ ਨੂੰ
ਖੜਾਵਾਂ ਦਾ ਸਾਥ ਮਿਲਿਆ।

ਜਦੋਂ ਉਹ ਤੁਰਿਆ-
ਦਰਿਆ ਤੇ ਸਮੁੰਦਰ
ਸਹਿਜ ਹੋਏ

ਰੇਗਿਤਸਾਨਾਂ ਤੇ ਥਲਾਂ ਨੂੰ
ਹੱਸਣਾ ਮਿਲਿਆ
ਫੁੱਲ ਖਿੜੇ, ਮਹਿਕ ਬਿਖਰੀ
ਸੈਲ ਪੱਥਰਾਂ ਨੂੰ
ਨਿਮਰਤਾ ਮਿਲੀ
ਬਿਰਖ ਬਲਿਹਾਰੀ ਬਣਨਾ ਸਿੱਖੇ।

ਜਦੋਂ ਉਹ ਤੁਰਿਆ-
ਕਾਇਆ ਦੇ ਕਰਮ ਜਾਗੇ
ਕਰਮ-ਕਾਂਡ ਤਿਆਗੇ
ਪੱਤ-ਸੱਚ, ਕੱਥ ਤੇ ਵੱਥ
ਦੀ ਸੰਥਿਆ ਦਾ ਉਥਾਨ ਹੋਇਆ
ਤੇ ਲੋਕਾਈ ਦਾ ਜਨਮ ਹੋਇਆ।

ਜਦੋਂ ਉਹ ਤੁਰਿਆ-
ਸਗਲੀ ਧਰਤ ਨੂੰ
ਕਲਾਵੇ 'ਚ ਲੈਣ ਲਈ
ਬਿਹਬਲ ਹੋਇਆ
ਪੱਛਮ ਤੇ ਪੂਰਬ
ਉੱਤਰ ਤੇ ਦੱਖਣ ਨੇ
ਚਾਨਣ ਦਾ ਚੋਗਾ ਪਹਿਨਿਆ
ਨਿਰੰਕਾਰ ਦਾ 'ਜਾਪ' ਰਚਿਆ
ਖੰਡ-ਬ੍ਰਹਿਮੰਡ ਲੀਨ ਹੋਏ
ਕਾਇਨਾਤ ਨਤਮਸਤਕ ਹੋਈ
ਜ਼ੁਲਮ ਸ਼ਰਮਿੰਦਾ ਹੋਇਆ
ਜਬਰ, ਜਰਦ ਹੋਇਆ
ਆਲਮ ਨੂੰ ਮਿਲੀ ਢੋਈ
ਦਰਦ ਦੀ ਉਸ ਬਾਤ ਛੋਹੀ
ਜਦੋਂ ਉਹ ਤੁਰਿਆ-
ਲੋਕਾਂ ਦਾ ਗੀਤ ਬਣਿਆ
ਨੀਚਾਂ ਦਾ ਮੀਤ ਬਣਿਆ
ਧਰਤ ਦਾ ਸੰਗੀਤ ਬਣਿਆ
ਕੂੜ ਹਰਿਆ-
ਸੱਚ ਤਰਿਆ-
ਖਾਲਕ ਖਲਕ
ਖਲਕ ਮੈਂ ਖਾਲਕ ਦਾ
ਨੂਰ ਉਗਮਿਆ
ਪੈੜ ਪ੍ਰਕਾਸ਼ ਬਣੀ
ਜਦੋਂ ਉਹ ਤੁਰਿਆ
ਚਾਨਣ ਨਾਲ-ਨਾਲ ਤੁਰਿਆ।

(ਉਦਾਸੀਆਂ ਦਾ ਬੂਹਾ-ਸੁਲਖਣੀ, 'ਚੋਂ)

ਚਾਨਣ ਦਾ ਵਾਕ

-ਮਨਮੋਹਨ ਸਿੰਘ ਦਾਊਂ

ਉਸ ਨੇ ਮਾਲਾ ਦੇ
ਮਣਕਿਆਂ ਨਾਲ ਨਹੀਂ ਮਿਣਿਆ
ਪ੍ਰਭੂ ਦਾ ਆਕਾਰ ਕੋਈ
ਜਾਂ ਰੂਪ ਹੀ ਕੋਈ।

ਉਸ ਨੇ ਕੋਈ ਅਗਰਬੱਤੀ
ਨਹੀਂ ਧੁਫਾਈ
ਕਿਸੇ ਸ਼ਿਵਦਿਆਲੇ, ਮੰਦਰ ਅੰਦਰ
ਉਪਾਸ਼ਨਾ ਖਾਤਰ।

ਉਸ ਨੇ ਜਲ-ਪੂਜਾ ਦਾ
ਕੋਈ ਭਰਮ ਨਹੀਂ ਪਾਲਿਆ
ਕੰਢਿਆਂ ਉੱਤੇ।

ਉਸ ਨੇ ਸਮਾਧੀ ਦੇ
ਅਰਥ ਨਹੀਂ ਦੱਸੇ

ਮੋਨ ਧਾਰ ਸਿਊਂਕ ਬਣਨਾ
ਵਰ੍ਹਿਆਂ ਬੱਧੀ।

ਉਸਨੇ ਕਿਸੇ ਰੰਗ ਦੇ
ਵਸਤਰ ਜਾਂ ਕੀਮਤੀ ਚੋਲੇ ਪਹਿਨ
ਜੋਗ ਨਹੀਂ ਲਿੱਤਾ
ਪਿੰਡੇ ਨੂੰ ਵੱਖ ਕਰ
ਆਤਮਾ ਕੋਲੋਂ।
ਉਸ ਨੇ ਕਰਮ-ਕਾਂਡਾਂ ਦੇ
ਮੰਤਰਾਂ ਦੀ ਨਹੀਂ ਕੀਤੀ
ਪਰਦੱਖਣਾ ਹਰਗਿਜ਼।

ਉਸ ਨੇ ਤਿਆਗ ਦੇ
ਅਰਥ ਨਹੀਂ ਦੱਸੇ
ਕਿ ਜੰਗਲਾਂ, ਗੁਫਾਵਾਂ, ਪਰਬਤਾਂ 'ਚ
ਲੁਪਤ ਹੋ ਜਾਣਾ।

ਉਸ ਨੇ ਕਿਸੇ ਵੀ
ਵਰਨ ਨੂੰ ਵੱਖ ਨਹੀਂ ਕੀਤਾ
ਮਨੁੱਖ ਦੇ ਜਨਮ ਦੀ
ਕੁੱਖ ਨਾਲੋਂ।

ਕੋਈ ਥਾਂ ਨਹੀਂ ਸੀ
ਗੈਰਹਾਜ਼ਰ ਕਾਦਰ ਲਈ
ਉਸ ਖਾਤਰ-
ਉਸ ਦਾ ਸਗਲ ਲਈ
ਉਪਦੇਸ਼ ਸੀ ਸਾਂਝਾ।

ਉਸ ਕੋਲ ਸੀ
ਸ਼ਬਦ ਦਾ ਸੂਰਜ
ਸੰਗੀਤ ਵਿੱਚ ਰੰਗਿਆ
ਰਬਾਬ ਦਾ ਮਿੱਤਰੀ ਚਿਹਰਾ।

ਉਸ ਕੋਲ ਦੁੱਖ-ਸੁੱਖ ਦੀ
ਆਭਾ ਨੂੰ ਸਮਦਰਸੀ ਕਰਨ ਦੀ
ਜੁਗਤ ਸੀ ਨੂਰਾਨੀ।
ਉਸ ਦੀ ਚਾਨਣ ਨਾਲ
ਦੋਸਤੀ ਸੀ ਗੂੜੀ ਅਨਾਦੀ
ਤੇ ਹਨੇਰੇ ਨਾਲ ਸੀ
ਟੱਕਰ ਪੂਰੀ ਗੋਸ਼ਟੀਆਂ ਕਰਦੀ।

ਉਸ ਕੋਲ ਸੀ
ਤਰਕ ਦੀ ਚੇਤਨਾ ਤਿੱਖੀ
ਤੇ ਸਾਹਸ ਦਾ ਸਮੁੰਦ ਡੂੰਘਾ
ਜੋ ਲੋਕਾਈ ਲਈ
ਉਦਾਸੀਆਂ ਰਿਹਾ ਕਰਦਾ।

ਉਹ ਨਦਰੀ ਪੈਂਡਿਆ ਦਾ ਪਾਂਧੀ
ਬਖੇਰਨ ਬੀਜ ਚਾਨਣ ਦੇ
ਰਿਹਾ ਤੁਰਦਾ, ਪੌਣ ਵਾਂਗੂ, ਦਿਨ ਵਾਂਗੂ
ਦਰਿਆ ਵਾਂਗੂ।

ਉਹ ਸੀ ਧਰਤ ਦਾ ਉਜਿਆਰਾ
ਨੂਰ ਚੇਤੰਨ ਸ਼ਕਤੀ ਦਾ
ਜੋ ਹਰ ਥਾਂ ਚਾਨਣ ਦਾ ਵਾਕ
ਲੈ ਬਹਿੰਦਾ ਕੂੜ ਹਰਨ ਖਾਤਰ।
ਉਹ ਕੌਣ ਸੀ?
ਜਾਹਰ ਪੀਰ ਨਾਨਕ

ਸਵੇਰ ਵੇਲਾ 1530:

-ਪ੍ਰੋ: ਗੁਰਭਜਨ ਗਿੱਲ

ਪੰਜ ਸਦੀਆਂ ਪਰਤ ਕੇ ਕਰਤਾਰਪੁਰ
(ਡੇਰਾ ਬਾਬਾ ਨਾਨਕ ਸਰਹੱਦ 'ਤੇ ਖਲੋ ਕੇ)
ਪੰਜ ਸਦੀਆਂ ਪਰਤ ਕੇ
ਨਾਨਕ ਪਿਆਰ ਵੇਖਿਆ
ਕਿਰਤ ਦਾ ਕਰਤਾਰਪੁਰ
ਵੱਖਰਾ ਨਜ਼ਾਰਾ ਦੇਖਿਆ।
ਖੇਤਾਂ ਨੂੰ ਵਾਹੁੰਦਾ ਬੀਜਦਾ
ਤੇ ਆਪ ਪਾਲਣਹਾਰ ਹੈ,
ਜਪਦਾ ਨਾ 'ਕੱਲਾ ਨਾਮ ਨੂੰ
ਹੱਥੀਂ ਵੀ ਕਰਦਾ ਕਾਰ ਹੈ,

ਗੁਰਜ਼ਮੰਦਾਂ ਨੂੰ ਵੰਡਦਾ ਅੰਨ ਦਾ ਭੰਡਾਰਾ ਵੇਖਿਆ।
ਕੱਢਦਾ ਸਿਆੜ ਫੇਰ ਖੁਦ
ਰੂਹਾਂ 'ਚ ਬਾਣੀ ਕੇਰਦਾ
ਮਾਲਾ ਨਾ 'ਕੱਲੀ, ਘੁੰਮਦੀ,
ਮਨ ਦੇ ਵੀ ਮਣਕੇ ਫੇਰਦਾ
ਰਾਵੀ ਦੇ ਕੰਢੇ ਵਰਤਦਾ
ਅਦਭੁੱਤ ਨਜ਼ਾਰਾ ਵੇਖਿਆ
ਕਿਰਤ ਦਾ ਕਰਤਾਰਪੁਰ।
ਨਿਸ਼ਕਾਮ, ਨਿਰਛੱਲ ਨੀਰ ਨੂੰ।
ਅੰਗਦ ਬਣਾਇਆ ਲਹਿਣਿਓਂ
ਸੇਵਾ ਹੈ ਏਦਾਂ ਮੌਲਦੀ
ਮਿਲਦਾ ਬਿਨਾਂ ਕੁਝ ਕਹਿਣਿਓਂ
ਕਿਰਤ ਦਾ ਕਰਤਾਰ
ਪੰਜ ਸਦੀਆਂ ਬਾਅਦ ਅੱਜ
ਰੱਟਦੇ ਹਾਂ ਤੇਰੇ ਨਾਮ ਨੂੰ
ਛੇੜਦਾ ਨਾ ਸੁਰ ਅੱਲਾਹੀ
ਹੁਣ ਕੋਈ ਸੁਬਹ ਸ਼ਾਮ ਨੂੰ
ਸੁਰਤਿ ਦਾ ਤਾਹੀਓਂ ਹੀ ਤਾਂ
ਪੈਂਦਾ ਖਿਲਾਰਾ ਵੇਖਿਆ
ਕਿਰਤ ਦਾ ....
ਕਿਹੜਾ ਕਹੇ ਮਰਦਾਨਿਆ ਤੂੰ ਛੇੜ ਹੁਣ ਰਬਾਬ ਨੂੰ,
ਤਾਹੀਓਂ ਸਿਉਂਕ ਲੱਗ ਗਈ ਬਾਬਾ ਤੇਰੇ ਪੰਜਾਬ ਨੂੰ,
ਰੂਹਾਂ ਨੂੰ ਚੀਰੀ ਜਾ ਰਿਹਾ, ਭਟਕਣ ਦਾ ਆਰਾ ਦੇਖਿਆ
ਕਿਰਤ ਦਾ ....
ਦੇ ਕੇ ਪੰਜਾਲੀ ਬਲਦਾਂ ਨੂੰ ਬਾਬਾ ਲਾਉਂਦਾ ਜੋਤਰਾ
ਉਸ ਨੇ ਨਾ ਵੇਖਿਆ ਕਿਹੜਾ ਹੈ ਪੁੱਤ ਜਾਂ ਪੋਤਰਾ
ਇੱਕ ਹੀ ਓਂਕਾਰ ਦਾ ਨੂਰੀ ਦੁਲਾਰਾ ਵੇਖਿਆ
ਕਿਰਤ ਦਾ ....
ਲੋਧੀ ਬਣੇ ਸੁਲਤਾਨਪੁਰ ਬਾਬੇ ਦੀ ਨਗਰੀ ਹੋ ਗਿਆ
ਬੇਈਂ 'ਚੋਂ ਉਤਰੇ ਸ਼ਬਦ ਦਾ ਭੀੜਾਂ 'ਚ ਚਿਹਰਾ ਖੋ ਗਿਆ
ਅੰਨੀਂ, ਜਤਨ ਭਟਕਦੀ ਖੁਰਦਾ ਕਿਨਾਰਾ ਵੇਖਿਆ
ਕਿਰਤ ਦਾ ....
ਤੇਰੇ ਵਿਆਹ 'ਤੇ ਅੱਜ ਵੀ ਹਰ ਸਾਲ ਵਾਜੇ ਵੱਜਦੇ
ਚੜ੍ਹਦੀ ਬਰਾਤ ਕੂੜ ਦੀ, ਬੱਦਲ ਸਿਆਸੀ ਗੱਜਦੇ
ਪੇਕੇ ਸੁਲੱਖਣੀ ਮਾਤ ਦੇ ਇਹ ਵੀ ਮੈਂ ਕਾਰਾ ਵੇਖਿਆ
ਕਿਰਤ ਦਾ ....
ਪੌਣ ਗੁਰੂ, ਪਾਣੀ ਪਿਤਾ, ਧਰਤੀ ਨੂੰ ਮਾਤਾ ਕਹਿ ਗਿਆ
ਤੇਜ਼ ਰਫ਼ਤਾਰੀ 'ਚ ਹੁਣ ਉਪਦੇਸ਼ ਪਿੱਛੇ ਰਹਿ ਗਿਆ
ਕਹਿਰ ਦਾ ਤਾਹੀਓਂ, ਦਿਨੇ ਚੜ੍ਹਿਆ ਸਿਤਾਰਾ ਵੇਖਿਆ
ਕਿਰਤ ਦਾ ....
ਸਿੱਧਾਂ ਨੇ ਚੋਲੇ ਪਹਿਨ ਕੇ
ਤੇਰੀ ਹੀ ਬਾਣੀ ਰੱਟ ਲਈ
ਅੱਚਲ ਬਟਾਲਾ ਛੱਡ ਕੇ
ਥਾਂ-ਥਾਂ ਚਲਾਉਂਦੇ ਹੱਦ ਕਈ
ਭਰਮਾਂ ਦਾ ਭਾਂਡਾ ਭਰ ਗਿਆ,
'ਗੋਸ਼ਟ' ਵਿਚਾਰਾ ਵੇਖਿਆ
ਕਿਰਤ ਦਾ ....
ਹਾਲੇ ਕੰਧਾਰੀ ਵਲੀ ਦਾ
ਹੰਕਾਰ ਨਹੀਓਂ ਟੁੱਟਿਆ
ਅੱਜ ਵੀ ਉਹ ਪਾਣੀਆਂ 'ਤੇ
ਕਰਨ ਕਬਜ਼ੇ ਜੁੱਟਿਆ
'ਤਰਕ' ਦੀ ਛੱਤ 'ਤੇ ਮੁੜ
ਪੱਥਰ ਮੈਂ ਭਾਰਾ ਵੇਖਿਆ
ਕਿਰਤ ਦਾ ....
ਮਲਕੋ ਭਾਗੋ ਅੱਜ ਵੀ
ਓਨਾ ਹੀ ਟੇਢਾ ਬੋਲਦਾ
ਤੱਕੜੀ ਵਾਲਾ ਵੀ ਮੋਦੀ
ਘੱਟ ਸੌਦਾ ਤੋਲਦਾ,
ਉੱਡਦਾ ਅੰਬਰ 'ਚ ਮੈਂ
ਫੂਕੀ ਗੁਬਾਰਾ ਵੇਖਿਆ
ਕਿਰਤ ਦਾ ....
'ਜਪੁਜੀ' ਦੀ ਸਿਰਜਨ ਭੂਮ ਦੇ
ਚੇਤੇ ਨਿਰੰਤਰ ਡੰਗ ਦੇ
ਤਾਹੀਓਂ ਤੇਰੇ ਪੁੱਤ ਅੱਜ
ਰਾਵੀਂ ਤੋਂ ਲਾਂਘਾ ਮੰਗਦੇ
ਪੂਰੀ ਕਰੀਂ ਅਰਦਾਸ ਤੂੰ
ਤੇਰਾ ਸਹਾਰਾ ਵੇਖਿਆ
ਕਿਰਤ ਦਾ ....

9815123900

ਬਾਕੀ ਅਗਲੇ ਅੰਕ 'ਚ

ਸਤਿਗੁਰੂ ਨਾਨਕ ਪ੍ਰਗਟਿਆ।
ਮਿਟੀ ਧੁੰਧ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ।
ਤਾਰੇ ਛਪਿ ਅੰਧੇਰ ਪਲੋਆ।



ਗੁਰੂ ਨਾਨਕ ਦੇਵ ਜੀ ਵਲੋਂ ਬਾਬਰ ਦੀ ਜੇਹਲ ਕੋਠੜੀ 'ਚੋਂ ਸਿੱਖਾਂ ਨੂੰ ਜਬਰ ਵਿਰੁੱਧ ਜੂਝਣ ਦੀ ਲਲਕਾਰ

ਜਥੇਦਾਰ ਮਹਿੰਦਰ ਸਿੰਘ ਖਹਿਰਾ (ਇੰਗਲੈਂਡ)

ਇਹ ਹਕੀਕਤ ਹੈ ਕਿ ਸੰਸਾਰ ਦਾ ਕੋਈ ਵੀ ਧਰਮ, ਗੁਰੂ ਬਿਨਾ ਵਧ ਫੁਲ ਨਹੀਂ ਸਕਦਾ, ਹਿੰਦੂ ਮਿਥਿਹਾਸ ਅਨੁਸਾਰ ਤ੍ਰੇਤੇ ਯੁਗ ਵਿੱਚ ਰਾਮਚੰਦਰ ਜੀ ਨੇ ਵਿਸ਼ਿਸ਼ਟ ਜੀ ਨੂੰ ਗੁਰੂ ਧਾਰਨ ਕੀਤਾ ਅਤੇ ਦੁਆਪਰ ਜੀ ਨੂੰ ਗੁਰੂ ਧਾਰਨ ਕੀਤਾ ਅਤੇ ਦੁਆਪਰ ਵਿੱਚ ਕ੍ਰਿਸ਼ਨ ਭਗਵਾਨ ਨੇ ਜੋਗੀ ਸੰਦੀਪਨ ਨੂੰ ਗੁਰੂ ਧਾਰਨ ਕੀਤਾ, ਸੈਮਟਿਕ ਕੌਮ ਗੁਰੂ ਨੂੰ ਪੈਗੰਬਰ ਸੰਬੋਧਨ ਕਰਦੀਆਂ ਹਨ, ਆਰੀਆ ਕੌਮਾਂ ਵਿੱਚ 'ਗੁਰੂ' ਇਕ ਬਹੁ ਅਰਥਕ ਸ਼ਬਦ ਹੈ। ਪਰ ਸਿੱਖ ਧਰਮ ਵਿੱਚ ਗੁਰੂ-ਪਦ ਦੇ ਅਰਥ ਇਸ ਤੋਂ ਵਿਲੱਖਣ ਹਨ। ਪੰਦਰਵੀਂ ਸਦੀ ਵਿੱਚ (1469 ਈ:) ਨੂੰ ਨਿਰੰਕਾਰ ਆਪ ਜੀਵਾਂ ਦਾ ਕਲਿਆਣ ਕਰਨ ਹਿੱਤ ਅਤੇ ਮਾਨਵ ਜਾਤੀ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਕਰਨ ਲਈ ਸਤਿਗੁਰ ਨਾਨਕ ਦੇਵ ਦਾ ਰੂਪ ਹੋ ਕੇ ਸੰਸਾਰ ਵਿੱਚ ਪ੍ਰਗਟ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੇਠ ਲਿਖੇ ਅਨੁਸਾਰ ਫੁਰਮਾਉਂਦੇ ਹਨ:

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ॥
ਨਾਨਕ ਕੁਲਿ ਨਿੰਮਲੁ ਅਵਤਰਿ੍ਯਉ
ਅੰਗਦ ਲਹਣੇ ਸੰਗਿ ਹੁਅ॥

ਭਾਈ ਗੁਰਦਾਸ ਜੀ ਨੇ ਵੀ ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਬਾਰੇ ਬੜਾ ਸੁੰਦਰ ਲਿਖਿਆ ਹੈ- ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਸਤਿਗੁਰ ਨਾਨਕ ਦੇਵ ਜੀ ਜਦ ਪ੍ਰਗਟ ਹੋਏ, ਅਗਿਆਨ ਦਾ ਅੰਧੇਰਾ ਦੂਰ ਹੋਇਆ ਅਤੇ ਗਿਆਨ ਦਾ ਚਾਨਣ ਹੋ ਗਿਆ। ਜਿਵੇਂ ਸੂਰਜ ਦੇ ਚੜ੍ਹਿਆਂ ਤਾਰੇ ਛੁਪ ਜਾਂਦੇ ਹੈ ਅਤੇ ਜਿਵੇਂ ਸ਼ੇਰ ਦੀ ਭਵਕ ਸੁਣ ਕੇ ਹਰਨਾਂ ਦੀ ਡਾਰ ਭਜ ਜਾਂਦੀ ਹੈ ਤੇ ਧੀਰਜ ਨਹੀਂ ਧਰਦੀ, ਇਉਂ ਸ਼ੇਰ ਰੂਪੀ ਸਤਿਗੁਰ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਪਾਪਾਂ ਨੂੰ ਭਾਜੜ ਪੈ ਗਈ

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ
ਤਾਰੇ ਛਪਿ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਲੀ
ਭੰਨੀ ਜਾਇ ਨ ਧੀਰਿ ਧਰੋਆ।

ਅਤੇ ਭਾਈ ਗੁਰਦਾਸ ਜੀ ਸਤਿਗੁਰ ਨਾਨਕ ਦੇਵ ਜੀ ਦੇ ਚਲਾਏ ਪੰਥ ਬਾਰੇ ਲਿਖਦੇ ਹਨ:

ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।
ਥਾਪਿਆ ਲਹਿਣਾ ਜੀਵਦੇ ਗੁਰਿਆਈ
ਸਿਰਿ ਛਤ੍ਰ ਫਿਰਾਇਆ।

ਸਤਿਗੁਰ ਨਾਨਕ ਦੇਵ ਜੀ ਨੇ ਸਦੀਆਂ ਤੋਂ ਮੁਗਲਾਂ ਦੀ ਗੁਲਾਮੀ ਭੋਗ ਰਹੇ ਹਿੰਦੁਸਤਾਨੀਆਂ ਨੂੰ ਅਜ਼ਾਦੀ ਅਤੇ ਅਣਖ ਨਾਲ ਜੀਊਂਣ ਲਈ .... ਜੀਵੇ ਪਤਿ ਲਥ ਜਾਇ ਸਭ ਹਰਾਮ ਜੇਤਾ ਕਿਛ ਖਾਇ॥ ਦਾ ਪਾਠ ਪੜ੍ਹਾਇਆ ਅਤੇ ਸ਼ਬਦ ਬਾਣੀ ਤੇ ਅਧਾਰਿਤ ਗੁਰਸੰਗਤ ਰਾਹੀਂ ਪੰਥ ਦਾ ਨਿਰਮਾਣ ਕੀਤਾ। ਚੌਥੇ ਗੁਰੂ ਨਾਨਕ, ਗੁਰੂ ਰਾਮਦਾਸ ਜੀ ਦੇ ਗੁਰੂ-ਕਾਲ ਵਿੱਚ ਕੀਰਤ ਭੱਟ ਨੇ ਇਸ ਪੰਥ ਨੂੰ ਉੱਤਮ ਪੰਥ ਆਖਿਆ ਹੈ। ਇਕੁ ਉਤਮ ਪੰਥੁ ਸੁਣਿਓ

ਗੁਰ ਸੰਗਤਿ, ਤਿਹ ਮਿਲੰਤ ਜਮ ਤ੍ਰਾਸ ਮਿਟਾਈ॥ ਅਤੇ ਦਸ ਜਾਮੇਂ ਧਾਰ ਕੇ 1699 ਈ: ਨੂੰ ਪੰਥ ਦੇ ਅੰਤਿਮ ਸਰੂਪ ਖਾਲਸਾ ਪੰਥ ਦੀ ਸਿਰਜਣਾ ਕੀਤੀ। ਹਕਲੇ ਲੇਖ ਵਿੱਚ ਬਾਬੇ ਕੇ ਪੰਥ) ਤੇ ਬਾਬਰਕਿਆਂ (ਮੁਗਲਾਂ ਦੀ) ਇਤਿਹਾਸਕ ਟਕਰਾਅ ਤੇ ਹਿੰਦੂਆਂ ਦੀ ਗੁਲਾਮ ਮਾਨਿਸਕਤਾ ਤੇ ਵਿਚਾਰ ਕਰਾਂਗੇ ਕਿਉਂਕਿ ਦਸਵੇਂ ਜਾਮੇਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਜਫਰਨਾਮਾਂ ਲਿਖਿਆ (ਜਿੱਤ ਦੀ ਚਿੱਠੀ) ਅਤੇ ਕਾਬਲ ਤੋਂ ਪਾਪ ਦੀ ਜੰਞ ਲੈ ਕੇ ਚੜ੍ਹਨ ਵਾਲੇ ਬਾਬਰ ਦੀ ਵੰਸ਼ ਔਰੰਗਜ਼ੇਬ ਨੇ ਸ਼ਿਕੱਸ਼ਤਨਾਮਾ ਲਿਖ ਕੇ ਆਪਣੀ ਹਾਰ ਦਾ ਇਕਰਾਰਨਾਮਾ ਕੀਤਾ।

ਮੁਸਲਮਾਨ ਰਾਜ ਦੇ ਕਹਿਰ ਦੇ ਦਸਗਦੇ ਸੂਰਜ ਦੀ ਦੁਪਹਿਰ ਵਿੱਚ ਗੁਰੂ ਨਾਨਕ ਦੇਵ ਦੇ ਸਮਕਾਲੀ ਸੂਰਦਾਸ ਦਾ ਜਨਮ 1483 ਈ: ਅਤੇ ਤੁਲਸੀਦਾਸ 1534-1623 ਈ: ਤੱਕ ਮਣਾਂਮੂਹੀਂ ਕਵਿਤਾ ਰਚਦੇ ਰਹੇ ਪ੍ਰੰਤੂ ਉਨ੍ਹਾਂ ਨੇ ਆਪਣੀ ਸਭਿਅਤਾ ਅਤੇ ਧਰਮ ਦੇ ਸਿਰ ਉੱਤੇ ਜੁੱਤੀ ਦੀ ਅੱਡੀ ਰੱਖ ਕੇ ਯਵਨਾ (ਮੁਸਲਮਾਨਾਂ) ਵਿਰੁੱਧ ਇੱਕ ਸ਼ਬਦ ਵੀ ਨਾ ਲਿਖਿਆ, "ਖਤ੍ਰੀਆਂ ਤ ਧਰਮੁ ਛੋਡਿਆ ਮਲੇਸ਼ ਭਾਖਿਆ ਗਹੀ" ਦੀ ਹੂਕ ਮੱਧਕਾਲ ਦੇ ਸਾਰੇ ਬ੍ਰਿਜਭਾਸ਼ੀ ਸਾਹਿਤ ਵਿੱਚ ਸੁਣਨ ਨੂੰ ਨਹੀਂ ਮਿਲਦੀ ਤੇ ਨਾ ਹੀ "ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨਾ ਜਾਈ" ਦੀ ਪੁਕਾਰ।

ਬਲਕਿ ਗੁਲਾਮੀ ਦੀ ਸੰਗਲਾਂ ਨੂੰ ਚਾਉ ਨਾਲ ਚੁੰਮ ਕੇ ਗਲ ਪਾਉਣ ਦੀ ਚਾਹ ਕਈ ਲਿਖਤਾਂ ਤੋਂ ਪ੍ਰਗਟ ਹੁੰਦੀ ਹੈ, ਸ਼ੂਨਯਾ ਪੁਰਾਣ ਦਾ ਕਰਤਾ ਬੰਗਾਲ ਦਾ ਰਮਾਈ ਪੰਡਿਤ ਲਿਖਦਾ ਹੈ ਕਿ "ਧਰਮ ਰਖਸ਼ਕ ਦੇਵਤਿਆਂ ਨੇ ਧਰਮ ਦੀ ਰਖਸ਼ਾ ਲਈ ਰੂਪ ਬਦਲਿਆ। ਬ੍ਰਹਮਾ ਮੁਹੰਮਦ ਹੋ ਗਏ, ਵਿਸ਼ਨੂ ਪੈਗੰਬਰ ਹੋ ਗਏ, ਮਹਾਂਦੇਵ ਆਦਮ, ਗਣੇਸ਼, ਗਾਜੀ, ਕਾਰਤਿਕ - ਕਾਜ਼ੀ ਤੇ ਰਿਸ਼ੀ ਗਣ-ਫਕੀਰ ਬਣ ਗਏ, ਨਾਰਦ ਵੇਸ ਬਦਲ ਕੇ ਸ਼ੇਖ ਬਣੇ, ਇੰਦਰ-ਮੌਲਾਨਾ ਬਣ ਗਏ ਅਤੇ ਚੰਡਿਕਾ-ਹਯਾ ਬੀਬੀ ਬਣ ਗਈ। ਸਭ ਦੇਵ ਗਣ ਮੁਸਲਮਾਨ ਭੇਸ ਬਦਲ ਕੇ ਆਏ"। ਇਸ ਤਰ੍ਹਾਂ "ਧਰਮ ਦੇ ਪਾਂਵ ਪਕੜ ਕਰ ਰਮਾਈ ਪੰਡਤ ਗਾਤੇ ਹੈਂ।" ਕਰਨੀ ਦੇ ਮੈਦਾਨ ਦੀਆਂ ਕੇਵਲ ਦੋ ਇਤਿਹਾਸਕ ਘਟਨਾਵਾਂ ਚਿਤਾਰਨ ਨਾਲ ਹੀ ਹਿੰਦੁਸਤਾਨ ਦੇ ਲੋਕਾਂ ਦੀ ਮਨੋਬਿਰਤੀ ਉਭਰ ਕੇ ਸਾਹਮਦੇ ਆ ਜਾਂਦੀ ਹੈ। ਬੰਗਾਲ ਵਿੱਚ ਇਸਲਾਮੀ ਰਾਜ ਦੀ ਸਥਾਪਨਾ ਬਖਤਿਆਰ ਖਿਲਜੀ ਨੇ ਕੇਵਲ 17 ਸਿਪਾਹੀਆਂ ਨਾਲ ਸੇਨ ਰਾਜੇ ਨੂੰ ਤੱਖਤ ਤੋਂ ਲਾਹ ਕੇ ਕੀਤੀ ਸੀ ਅਤੇ ਪਲਾਸੀ ਦੀ ਲੜਾਈ (ਜੂਨ 1757 ਈ:) ਜਿਸ ਤੋਂ ਅੰਗ੍ਰੇਜ਼ ਰਾਜ ਦਾ ਸੂਰਜ ਉਦੇ ਹੋਇਆ ਸੀ, ਵਿੱਚ ਮਹਿਤਾ ਚੌਕ ਦੀ ਪੁਲਸ ਫਾਇਰਿੰਗ ਨਾਲੋਂ ਵੀ ਘੱਟ ਮੌਤਾਂ ਹੋਈਆਂ ਸਨ। ਜਦੋਂ ਰਾਜਨੀਤੀ ਦਾ ਕੋਈ ਅਟੱਲ ਸੱਚ ਹੈ ਹੀ ਨਹੀਂ ਸੀ ਤਾਂ ਸਿਰ ਦੇ ਕੇ ਪ੍ਰਗਟ ਕਿਸ ਨੇ ਕਰਨਾ ਸੀ। ਗੁਰੂ ਨਾਨਕ ਦੀ ਸਿੱਖੀ ਤੋਂ ਪਹਿਲਾਂ ਦੇ ਭਾਰਤੀ ਚਿੰਤਨ ਵਿੱਚ ਸ਼ਹੀਦੀ ਦਾ ਸੰਕਲਪ ਹੀ ਨਹੀਂ ਸੀ, ਧਰਮ ਦਾ ਦੂਜਾ ਨਾ ਹੀ ਵਰਣ ਆਸ਼ਰਮ ਧਰਮ ਸੀ, ਜੋ ਅਨਿਆਂ ਦਾ ਕੋਹਿਨੂਰ ਸੀ, ਵੰਡੀਆ ਏਨੀਆਂ ਸਨ ਕਿ ਹਿੰਦੂ ਧਰਮ ਦੀ ਪ੍ਰੀਭਾਸ਼ਾ ਅਜੇ ਤੱਕ ਨਹੀਂ ਮਿਲਦੀ। ਧਰਮ ਵਾਸਤੇ ਕੌਣ ਸਿਰ-ਧੜ ਦੀ ਬਾਜੀ ਲਾਉਂਦਾ ਅਤੇ ਕਿਹੜੇ ਧਰਮ ਲਈ? ਅਜਿਹੇ ਵਾਤਾਵਰਣ ਵਿੱਚ ਧਰਮ ਨਿਆਂ ਸੱਚ ਅਤੇ ਹੱਕ ਦੇ ਮਸਲੇ ਤਾਂ ਚਰਚਾਯੋਗ ਵੀ ਨਹੀਂ ਸਨ ਬਣ ਸਕਦੇ। ਮਹਿਮੂਦ ਵਰਗੇ ਧਾੜਵੀ ਕੇਵਲ 30,000 ਦੀ ਫੌਜ ਨਾਲ ਸੋਮਨਾਥ ਦੇ ਮੰਦਰ ਨੂੰ ਲੁੱਟ ਸਕਦੇ ਸਨ ਜਦਕਿ ਮੰਦਰ ਦੇ ਅਧੀਨ 30,000 ਪਿੰਡ ਸਨ। ਰਾਜਨੀਤੀ ਦੇ ਖੇਤਰ ਵਿੱਚ ਵੀ ਭਾਰਤ ਦੇ ਮੂੰਹ ਉਤੇ ਓਹੋ ਮੁਰਦੇਹਾਣੀ ਛਾਈ ਹੋਈ ਸੀ। ਉਸ ਵੇਲੇ ਧੋਖਾ ਫਰੇਬ ਠੱਗੀ ਠੋਰੀ ਤੇ ਚਲਾਕੀ ਦਾ ਹੀ ਸਾਰੇ ਹਿੰਦੁਸਤਾਨ ਵਿੱਚ ਬੋਲਬਾਲਾ ਸੀ, ਹਿੰਦੁਸਤਾਨ ਦੀ ਹਰ ਨੁਕਰੇ ਬੇਚੈਨੀ ਅਤੇ ਘਬਰਾਹਟ ਸੀ, ਸਾਰੇ ਹਿੰਦੁਸਤਾਨ ਵਿਚੋਂ ਕੇਵਲ ਪਾਪ ਜ਼ੁਲਮ ਐਸ਼ ਇਸ਼ਰਤ ਤੋਂ ਸਿਵਾ ਕੁਝ ਹੋਰ ਦਿਖਾਈ ਨਹੀਂ ਸੀ ਦੇਂਦਾ, ਗੁਰੂ ਨਾਨਕ ਸਾਹਿਬ ਨੇ ਇਸ ਦਸ਼ਾ ਨੂੰ ਇਨ੍ਹਾਂ ਸ਼ਬਦਾਂ ਵਿੱਚ ਦਰਸਾਇਆ ਹੈ "ਕਲ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ" ਹਿੰਦੂ ਇਤਨਾ ਅਧੀਨ ਹੋ ਗਿਆ ਸੀ ਕਿ ਉਸ ਨੇ ਪੂਰਨ ਗੁਲਾਮੀ ਧਾਰ ਲਈ ਸੀ। ਤੁਲਸੀ ਵਰਗੇ ਵਿਦਵਾਨ ਇਹ ਉਪਦੇਸ਼ ਦੇ ਰਹੇ ਸਨ ਕਿ "ਕਉ ਨ੍ਰਿਪ ਹੋਇ ਹਮ ਹੀ ਕਾ ਹਾਣੀ" ਅਰਥਾਤ ਕੋਈ ਰਾਜਾ ਹੋਵੇ ਸਾਨੂੰ ਕੀ। ਹਿੰਦੂ ਆਪਣੀ ਬੋਲੀ ਛੱਡ ਬੈਠਾ ਸੀ। ਛੱਤਰੀ ਜਿਨ੍ਹਾਂ ਦਾ ਧਰਮ ਰੱਖਿਆ ਸੀ, ਉਹ ਵੀ ਦਿਲ ਹਾਰ ਚੁੱਕੇ ਸਨ, "ਖਤਰੀਆਂ ਦਾ ਧਰਮ ਛੋਡਿਆ ਮਲੇਸ਼ ਭਾਖਿਆ ਗਹੀ।" ਬ੍ਰਾਹਮਣ ਵੀ ਹਕੂਮਤ ਦਾ ਹੱਥ ਠੋਕਾ ਬਣੇ ਹੋਏ ਸਨ ਅਤੇ ਆਪਣੇ ਹੀ ਜਾਤ ਭਰਾਵਾਂ ਨੂੰ ਹੋਰ ਤੰਗ ਕਰ ਰਹੇ ਸਨ। "ਛੁਰੀ ਵਗਾਇਨ ਤਿਨ ਗਲ ਤਾਗੁ।" ਮੁਗਲੀਆ ਹਕੂਮਤ ਵਲੋਂ

ਬਾਕੀ 20 ਪੰਨੇ 'ਤੇ



ਸਿਖੀ ਸਿਖਿਆ ਗੁਰ ਵੀਚਾਰਿ॥

- ਹਰੀ ਸਿੰਘ ਕੁਵੈਤ

ਸ੍ਰੀ ਗੁਰ ਰਾਮ ਦਾਸ ਜੀ ਇੱਕ ਸੁੱਚੇ ਤੇ ਸੱਚੇ ਗੁਰਸਿੱਖ ਦੇ ਗੁਣਾਂ ਬਾਰੇ ਬਹੁਤ ਸੁੰਦਰ ਸ਼ਬਦਾਂ ਵਿੱਚ ਵਿਆਖਿਆ ਕਰਦੇ ਹਨ:

ਗੁਰ ਸਤਿਗੁਰ ਦਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ (ਅੰਗ 305)

ਜੋ ਮਨੁੱਖ ਸਤਿਗੁਰੂ ਦਾ ਸੱਚਾ ਸਿੱਖ ਅਖਵਾਉਂਦਾ ਹੈ ਤੇ ਜਿਸ ਨੂੰ ਲੋਕ ਵੀ ਸੱਚਾ ਸਿੱਖ ਆਖਦੇ ਹਨ, ਉਹ ਰੋਜ਼ ਸਵੇਰੇ ਉੱਠ ਕੇ ਹਰਿ ਨਾਮ ਦਾ ਸਿਮਰਨ ਕਰਦਾ ਹੈ।

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥

ਐਸਾ ਗੁਰੂ ਦਾ ਸਿੱਖ ਹਰ ਰੋਜ਼ ਸਵੇਰੇ ਉੱਦਮ ਕਰਦਾ ਹੈ, ਇਸ਼ਨਾਨ ਕਰਦਾ ਹੈ ਤੇ ਫਿਰ ਨਾਮ ਰੂਪ ਅੰਮ੍ਰਿਤ ਦੇ ਸਰੋਵਰ ਵਿੱਚ ਟੁਭੀ ਲਗਾਉਂਦਾ ਹੈ।

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

ਸਤਿਗੁਰੂ ਦੇ ਉਪਦੇਸ਼ ਰਾਹੀਂ ਪ੍ਰਭੂ ਦੇ ਨਾਮ ਦਾ ਜਾਪ ਕਰਦਾ ਹੈ ਤੇ ਇਸ ਤਰ੍ਹਾਂ ਉਸ ਦੇ ਸਾਰੇ ਪਾਪ-ਵਿਕਾਰ ਲਹਿ ਜਾਂਦੇ ਹਨ।

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥

ਫਿਰ ਦਿਨ ਚੜ੍ਹੇ ਸਤਿਗੁਰੂ ਦੀ ਬਾਣੀ ਦਾ ਪਾਠ ਕਰਦਾ ਹੈ ਤੇ ਸਾਰੀ ਦਿਹਾੜੀ ਬਹਿੰਦਿਆਂ ਉਠਦਿਆਂ, ਭਾਵ ਕਿਰਤ ਕਾਰ ਕਰਦਿਆਂ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ।

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥

ਜਿਸ ਤੇ ਪਿਆਰਾ ਪ੍ਰਭੂ ਦਿਆਲਾ ਹੁੰਦਾ ਹੈ, ਉਸ ਗੁਰਸਿੱਖ ਨੂੰ ਸਤਿਗੁਰੂ ਜੀ ਸਿੱਖਿਆ ਦਿੰਦੇ ਹਨ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥

ਦਾਸ ਨਾਨਕ ਵੀ ਉਸ ਗੁਰਸਿੱਖ ਵੀ ਚਰਨ ਧੂੜ ਮੰਗਦਾ ਹੈ ਜੋ ਆਪ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਵੀ ਜਪਾਉਂਦਾ ਹੈ।

ਇਸ ਤਰ੍ਹਾਂ ਬਾਬਾ ਫਰੀਦ ਜੀ ਵੀ ਇੱਕ ਪਤਨੀ ਵੱਲੋਂ (ਅੰਗ 1383) ਉੱਤੇ ਆਪਣੇ ਸੁੱਖ ਅਤੇ ਪਤੀ/ਪਰਮਾਤਮਾ ਦੇ ਮਿਲਾਪ ਲਈ ਤਿੰਨ ਸਵਾਲ ਕਰ ਕੇ ਉਨ੍ਹਾਂ ਦੇ ਉੱਤਰ ਵੀ ਆਪ ਦਿੰਦੇ ਹਨ। ਸਵਾਲ:

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥

ਹੇ ਭੈਣ! ਉਹ ਕਿਹੜਾ ਅੱਖਰ ਹੈ? ਉਹ ਕਿਹੜਾ ਗੁਣ ਹੈ? ਉਹ ਕਿਹੜਾ ਸ਼੍ਰੋਮਣੀ ਮੰਤ੍ਰ ਹੈ?

ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥126॥

ਉਹ ਕਿਹੜਾ ਵੇਸ ਮੈਂ ਕਰਾਂ ਜਿਸ ਨਾਲ ਮੇਰਾ ਪਤੀ (ਪਰਮਾਤਮਾ) ਮੇਰੇ ਵੱਸ ਵਿੱਚ ਆ ਜਾਵੇ? ਉੱਤਰ:

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥

ਹੇ ਭੈਣ! ਨਿਉਣਾ ਅੱਖਰ ਹੈ, ਦੂਸਰਿਆਂ ਦੀ ਵਧੀਕੀ ਸਹਾਰਨਾ ਗੁਣ ਹੈ ਤੇ ਮਿੱਠਾ ਬੋਲਣਾ ਸ਼੍ਰੋਮਣੀ ਮੰਤਰ ਹੈ।

ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ 127॥

ਹੇ ਸਖੀ ਜੇ ਤੂੰ ਇਹ ਤਿੰਨ ਵੇਸ ਕਰ ਲਏ ਤਾਂ ਤੇਰਾ ਪਤੀ ਤੇਰੇ ਵੱਸ ਵਿੱਚ ਆ ਜਾਵੇਗਾ।

ਸਿੱਖ ਰਹਿਤ ਮਰਿਯਾਦਾ ਦੇ ਅਸੂਲਾਂ ਅਨੁਸਾਰ ਇੱਕ ਸਿੱਖ ਦੀ ਤਾਰੀਫ ਇਸ ਪ੍ਰਕਾਰ ਕੀਤੀ ਜਾਂਦੀ ਹੈ ਕਿ ਜੋ ਇਸਤਰੀ ਜਾਂ ਪੁਰਸ਼:-

1. ਕੇਵਲ ਇਕ ਅਕਾਲ ਪੁਰਖ ਨੂੰ ਮੰਨਦਾ ਹੈ।
2. ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ) ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਦਾ ਹੈ। 3. ਦਸਮੇਸ਼ ਪਿਤਾ ਜੀ ਦੇ

ਬਖਸ਼ੇ ਖੰਡੇ ਬਾਟੇ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ।

4. ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਲੀ ਪੂਜਾ ਗੁਰੂ ਦੇ ਵਿਚਾਰ ਦੀ ਪੂਜਾ ਹੈ। ਬੱਸ ! ਗੁਰੂ ਦੀ ਹਰ ਗੱਲ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਹੈ। ਆਪਣੇ ਗੁਰੂ ਅੱਗੇ ਮੱਥਾ ਟੇਕਣ ਦਾ ਇਹ ਹੀ ਮਤਲਬ ਹੈ ਕਿ ਐ ਗੁਰੂ ! ਮੈਂ ਆਪਣੇ ਵਿਚਾਰ ਤੁਹਾਡੇ ਅੱਗੇ ਰੱਖਦਾ ਹਾਂ ਤੇ ਅਗੋਂ ਤੋਂ ਆਪ ਦੀ ਮੱਤ ਨੂੰ ਗ੍ਰਹਿਣ ਕਰਨ ਦਾ ਪ੍ਰਣ ਕਰਦਾ ਹਾਂ। ਜੇਕਰ ਅਸੀਂ ਅਜੇ ਤੱਕ ਆਪਣੇ ਵਿਚਾਰਾਂ ਨੂੰ ਹੀ ਸਹੀ ਮੰਨਦੇ ਹਾਂ, ਤਾਂ ਗੁਰੂ ਦੇ ਸਿੱਖ ਨਹੀਂ ਕਹਿਲਾ ਸਕਦੇ। ਅਸਲੀ ਸਿੱਖੀ ਤਾਂ:-

ਸਿਖੀ ਸਿਖਿਆ ਗੁਰ ਵੀਚਾਰਿ॥
ਨਦਰੀ ਕਰਮਿ ਲਘਾਏ ਪਾਰਿ॥ (ਅੰਗ 465)

ਸਾਨੂੰ ਹਰ ਸਮੇਂ ਆਪਣੇ ਵਿਚਾਰਾਂ ਤੇ ਪਹਿਰਾ ਦਿੰਦੇ ਰਹਿਣਾ ਚਾਹੀਦਾ ਹੈ ਤਾਂ ਹੀ ਭੈੜੇ ਵਿਚਾਰਾਂ ਵੱਲ ਧਿਆਨ ਨਹੀਂ ਜਾਵੇਗਾ। ਅਸੀਂ ਕਥਾ, ਕੀਰਤਨ, ਦਾਨ-ਪੁੰਨ ਤੇ ਸੇਵਾ-ਉਪਕਾਰ ਦੇ ਬਹੁਤ ਚੱਪੂ ਚਲਾਉਂਦੇ ਰਹਿੰਦੇ ਹਾਂ, ਪਰ ਜਿਹੜੇ ਗਲਤ ਵਿਚਾਰਾਂ ਨਾਲ ਸਾਡੀ ਜੀਵਨ ਨੌਕਾ ਬੱਝੀ ਹੋਈ ਹੈ, ਉਨ੍ਹਾਂ ਨੂੰ ਛੱਡਣ ਦਾ ਉਪਰਾਲਾ ਨਹੀਂ ਕਰਦੇ। ਇਸ ਲਈ ਸਾਡੇ ਜੀਵਨ ਵਿੱਚ ਕੋਈ ਪਰਿਵਰਤਨ ਨਹੀਂ ਆਉਂਦਾ। ਗੁਰਬਾਣੀ ਪੜ੍ਹਨ ਤੇ ਸੁਣਨ ਅਤੇ ਸਵਾਸ ਸਵਾਸ ਸਿਮਰਨ ਕਰਨ ਨਾਲ ਸਾਡੇ ਵਿਚਾਰ ਸਾਧੇ ਜਾਂਦੇ ਹਨ ਤੇ ਮਨ ਸ਼ਾਂਤ ਹੋ ਜਾਂਦਾ ਹੈ। ਜ਼ਰਾ ਸਾਵਧਾਨ ਰਹਿਣਾ ਕਿ ਸਾਡੇ ਭੈੜੇ ਵਿਚਾਰ ਸਾਡੇ ਪਾਸੋਂ ਭੈੜੇ ਕਰਮ ਕਰਵਾਉਂਦੇ ਹਨ ਤੇ ਚੰਗੇ ਕਰਮ ਸਾਡੇ ਚੰਗੇ ਵਿਚਾਰਾਂ ਦਾ ਨਤੀਜਾ ਹੁੰਦੇ ਹਨ। ਇਸ ਲਈ ਆਪਣੇ ਵਿਚਾਰਾਂ ਤੇ ਫੁਰਨਿਆਂ ਨੂੰ ਸਦਾ ਸ਼ੁਭ ਰੱਖਣਾ ਆਪਣੇ ਕਰਮਾਂ ਨੂੰ ਸਾਧਨਾ ਹੈ। ਜਦੋਂ ਕਦੇ ਸਾਨੂੰ ਕੋਈ ਭੈੜੇ ਕਰਮ, ਅਵਗੁਣ ਜਾਂ ਪਾਪ ਕਰਨ ਦਾ ਕੋਈ ਫੁਰਨਾ ਫੁਰੇ ਤਾਂ ਉਸੇ ਵੇਲੇ ਉਸ ਦੇ ਉਲਟ ਜੋ ਸ਼ੁਭ ਕਰਮ ਜਾਂ ਗੁਣ ਹਨ ਉਨ੍ਹਾਂ ਵੱਲ ਧਿਆਨ ਜਾਵੇ। ਜਿਵੇਂ, ਜੇਕਰ ਗੁਸਾ ਆਵੇ ਤਾਂ ਸ਼ਾਂਤੀ ਜਾਂ ਸਹਿਜ ਬਾਰੇ ਸੋਚੋ। ਕਾਮ ਲਈ ਜਤ ਸਤ ਦੇ ਲਾਭ, ਲੋਭ ਲਈ ਦਾਨ ਪਰਉਪਕਾਰੀ ਅਤੇ ਬਦਲਾ ਲੈਣ ਦੇ ਖਿਆਲ ਦੀ ਥਾਂ ਖਿਮਾ ਭਾਵ ਲਿਆਓ। ਖਿਆਲ ਕਰੋ ਕਿ ਅਸੀਂ ਇੱਕ ਸੁੰਦਰ ਇਸਤ੍ਰੀ ਜਾਂਦੀ ਵੇਖੀ ਤੇ ਉਸ ਲਈ ਮੰਦੀ ਭਾਵਨਾ ਜਾਗ ਪਈ। ਇੱਕ ਭੈੜੇ ਵਿਚਾਰ ਨੇ ਸਾਨੂੰ ਫੜ ਲਿਆ। ਚੰਗਾ ਹੁੰਦਾ ਕਿ ਅਸੀਂ ਆਪਣੇ ਆਪ ਤੇ ਕਾਬੂ ਰੱਖਦੇ ਤੇ ਇਸ ਦਾ ਅਸਰ ਆਪਣੇ ਮਨ ਤੇ ਨਾ ਪੈਣ ਦਿੰਦੇ ਤਾਂ ਜੋ ਸਾਡੇ ਕੋਲੋਂ ਕੋਈ ਪਾਪ ਨਾ ਹੋ ਸਕਦਾ। ਜਦ ਅਸੀਂ ਬਿਨ੍ਹਾਂ ਸੋਚੇ ਸਮਝੇ ਐਸੇ ਵਿਚਾਰਾਂ ਨਾਲ ਇੱਕ ਹੋ ਜਾਂਦੇ ਹਾਂ ਤਾਂ ਸਾਡੇ ਪਾਸੋਂ ਜ਼ਰੂਰ ਪਾਪ ਹੋ ਜਾਵੇਗਾ।

ਭਗਤ ਕਬੀਰ ਜੀ ਇਸ ਮਨੁੱਖਾ ਕੀਮਤੀ ਜਨਮ ਨੂੰ ਅਜਾਂਈ ਨਾ ਜਾਣ ਦੇਣ ਬਾਰੇ ਬਹੁਤ ਸੁੰਦਰ ਫੁਰਮਾਨ ਕਰਦੇ ਹਨ:

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ (ਅੰਗ 1366)

ਜੰਗਲ ਦੇ ਰੁੱਖਾਂ ਤੋਂ ਡਿੱਗੇ ਹੋਏ ਫਲ ਕਿਸੇ ਦੇ ਕੰਮ ਨਹੀਂ ਆਉਂਦੇ ਤੇ ਨਾ ਹੀ ਮੁੜ ਕੇ ਡਾਲੀ ਨਾਲ ਲੱਗ ਸਕਦੇ ਹਨ। ਇਸੇ ਤਰ੍ਹਾਂ ਜੇ ਕੋਈ ਜੀਵ 'ਦੀਨ' ਨੂੰ 'ਦੁਨੀ' ਦੀ ਖਾਤਰ ਗਵਾ ਦੇਵੇ, ਅਰਥਾਤ ਮਾਇਆ ਦੀ ਖਾਤਰ ਪਰਮਾਤਮਾ ਦੀ ਯਾਦ ਵਿਸਾਰ ਦੇਵੇ ਤਾਂ ਸਮਝੋ ਕਿ ਇਹ ਮਿਲਿਆ ਹੋਇਆ ਵੱਡਮੁਲਾ ਜਨਮ ਅਜਾਈਂ ਚਲਾ ਗਿਆ। ਪਰ ਜੋ ਲੋਕ ਨਿਰਬਾਹ ਮਾਤ੍ਰ ਹੀ ਮਾਇਆ ਨੂੰ ਵਰਤਦੇ ਹਨ ਤੇ ਨਾਲ ਨਾਲ ਸੁਆਸ ਸੁਆਸ ਪਰਮਾਤਮਾ ਦਾ ਸਿਮਰਨ ਜਾਰੀ ਰੱਖਦੇ ਹਨ ਉਨ੍ਹਾਂ ਦਾ ਜੀਵਨ ਸ਼ਾਂਤਮਈ ਬਤੀਤ ਹੁੰਦਾ ਹੈ ਤੇ ਮਨੁੱਖਾ ਜੀਵਨ ਦਾ ਅਸਲੀ ਮਨੋਰਥ ਪ੍ਰਾਪਤ ਕਰ ਲੈਂਦੇ ਹਨ।

ਇੱਕ ਗੁਰੂ ਦੇ ਸਿੱਖ ਨੇ ਗ੍ਰਹਿਸਥ ਵਿੱਚ ਰਹਿੰਦਿਆਂ, ਕਿਰਤ ਕਾਰ ਕਰਦਿਆਂ, ਨਿੱਤ ਅੰਮ੍ਰਿਤ ਵੇਲੇ ਉੱਠਕੇ ਪ੍ਰਮਾਤਮਾ ਦਾ ਸਿਮਰਨ ਕਰਦੇ ਹੋਏ ਉਸ ਦੀ ਯਾਦ ਵਿੱਚ ਜੁੜਨਾ ਹੈ। ਕਿਰਤ ਕਾਰ ਵਿਚ ਕਮਾਈ ਸਦਾ ਹੱਕ ਦੀ ਕਰਨੀ ਹੈ ਤੇ ਉਸ ਵਿੱਚੋਂ ਲੋੜਵੰਦਾ ਦੀ ਹਰ ਪ੍ਰਕਾਰ ਦੀ ਸੇਵਾ ਕਰਦੇ ਰਹਿਣਾ ਹੈ। ਇਹ ਖਿਆਲ ਰਹੇ ਕਿ ਸੇਵਾ ਕਰਦੇ ਸਮੇਂ ਅਸੀਂ ਆਕੜ ਵਿੱਚ ਨਾ ਆ ਜਾਈਏ। ਕੁਸੰਗਤ ਤੋਂ ਬਚਨਾ ਹੈ ਤੇ ਭਲੇ ਗੁਰਮੁੱਖਾਂ ਦੀ ਸੰਗਤ ਕਰਨੀ ਹੈ। ਕਿਸੇ ਨੂੰ ਕੋਈ ਦੁੱਖ-ਤਕਲੀਫ ਦੇਣੀ ਜਾਂ ਕਿਸੇ ਨੂੰ ਕੋਈ ਨੁਕਸਾਨ ਪੁਚਾਉਣ ਦੀ ਗੱਲ ਤਾਂ ਛੱਡੋ ਕਿਸੇ ਦਾ ਦਿਲ ਅੰਦਰ ਵੀ ਬੁਰਾ ਨਹੀਂ ਸੋਚਣਾ ਤੇ ਨਾ ਕਦੇ ਭੈੜੇ ਬੋਲ ਬੋਲਣੇ ਹਨ। ਦੂਸਰਿਆਂ ਵੱਲੋਂ ਹੋਈ ਵਧੀਕੀ

ਨੂੰ ਜ਼ਰਨਾ ਹੈ, ਤੇ ਜਿਥੋਂ ਤੱਕ ਹੋ ਸਕੇ ਬੁਰਾਈ ਕਰਨ ਵਾਲੇ ਨਾਲ ਵੀ ਭਲਾਈ ਹੀ ਕਰਨੀ ਹੈ। ਤੁਰਦਿਆਂ-ਫਿਰਦਿਆਂ, ਸੁਤਿਆਂ-ਜਾਗਦਿਆਂ ਹਰ ਸਮੇਂ ਪ੍ਰਮਾਤਮਾ ਦੀ ਯਾਦ ਮਨ ਵਿੱਚ ਟਿਕੀ ਰਹੇ। ਹੋਰ ਆਪਣਾ ਕੰਮ ਕਾਰ ਕਰਦੇ ਸਮੇਂ ਜਦੋਂ ਵੀ ਕੋਈ ਸਮਾਂ ਮਿਲੇ ਤਾਂ ਅੰਦਰ ਝਾਤੀ ਮਾਰ ਕੇ ਵੇਖੋ ਕਿ ਇਹ ਯਾਦ ਚੱਲ ਰਹੀ ਹੈ। ਐਸੀ ਯਾਦ ਨਾਲ ਮਨ ਨੂੰ ਸਦਾ ਵਿਕਾਰਾਂ ਵਲੋਂ ਰੋਕਦੇ ਰਹਿਣ ਦਾ ਯਤਨ ਕਰਦੇ ਰਹਿਣਾ ਹੈ। ਇਸ ਤਰ੍ਹਾਂ ਅੰਦਰ ਹੌਲੀ ਹੌਲੀ ਪੁਰਾਣੇ ਟਿਕੇ ਹੋਏ ਭੈੜੇ ਸੰਸਕਾਰ ਸਹਿਜੇ ਸਹਿਜੇ ਮਿਟਦੇ ਹੋਏ, ਬਿਲਕੁਲ ਹੀ ਮਿਟ ਜਾਣਗੇ ਤੇ ਉਸ ਦੀ ਮਿਹਰ ਸਦਕਾ ਆਚਰਨ ਇਨ੍ਹਾਂ ਉੱਚਾ ਹੋ ਜਾਵੇਗਾ ਕਿ ਪਰਮਾਤਮਾ ਨਾਲ ਮਿਲਾਪ ਹੋ ਜਾਵੇਗਾ। ਬੱਸ ! ਇਹ ਹੈ ਮੁਕਤੀ, ਅਰਥਾਤ ਵਿਕਾਰਾਂ ਵਲੋਂ ਬਿਲਕੁਲ ਖਲਾਸੀ। ਜਿਹੜਾ ਮਨੁੱਖ ਇਸ ਅਵਸਥਾ ਤੇ ਪੁੱਜ ਗਿਆ ਤਾਂ ਉਸ ਦੀ ਪਰਮਾਤਮਾ ਨਾਲੋਂ ਵਿਥ ਮੁੱਕ ਗਈ। ਉਸ ਨੂੰ ਆਪਣੇ ਤੇ ਹਰੇਕ ਜੀਵ ਅੰਦਰ ਅਤੇ ਬਾਹਰ ਹਰ ਥਾਂ ਵਿੱਚ ਉਹ ਸਿਰਜਣਹਾਰ ਪ੍ਰਭੂ ਹੀ ਦਿਸਣ ਲੱਗ ਗਿਆ। ਉਹ ਕਦੇ ਲੁਕ ਕੇ ਵੀ ਕੋਈ ਵਿਕਾਰ ਨਹੀਂ ਕਰ ਸਕਦਾ ਕਿਉਂਕਿ ਉਹ ਵੇਖਣ ਵਾਲਾ ਤਾਂ ਉਸ ਨੂੰ ਆਪਣੇ ਅੰਦਰ ਬੈਠਾ ਸਦਾ ਪ੍ਰਤੱਖ ਦਿਸਦਾ ਰਹਿੰਦਾ ਹੈ। ਫਿਰ ਉਸ ਦੀ ਐਸੀ ਅਵਸਥਾ ਬਣ ਜਾਂਦੀ ਹੈ ਕਿ ਸੁੱਖ ਆਵੇ ਜਾਂ ਦੁੱਖ ਆਵੇ, ਕੋਈ ਨੁਕਸਾਨ ਜਾਂ ਲਾਭ ਹੋ ਜਾਵੇ ਜਾਂ ਕੋਈ ਖੁਸ਼ੀ ਗਮੀ ਹੋਵੇ, ਉਸ ਨੂੰ ਸਭ ਕੁਝ ਪ੍ਰਮਾਤਮਾ ਦੀ ਰਜ਼ਾ ਵਿੱਚ ਹੋ ਰਿਹਾ ਦਿੱਸਦਾ ਹੈ ਤੇ ਇਹ ਰਜ਼ਾ ਉਸ ਨੂੰ ਮਿੱਠੀ ਲੱਗਦੀ ਹੈ।

ਇੱਕ ਸੱਚਾ ਗੁਰੂ ਦਾ ਸਿੱਖ ਹਮੇਸ਼ਾ ਗੁਰੂ ਦੇ ਓਟ ਆਸਰੇ ਤੇ ਗੁਰੂ ਦੀ ਸਿੱਖਿਆ ਮੁਤਾਬਿਕ ਜੀਵਨ ਬਤੀਤ ਕਰਦਾ ਹੈ। ਉਹ ਕਦੇ ਵੀ ਫਾਲਤੂ ਕਰਮ-ਕਾਂਡ ਅਤੇ ਕਿਸੇ ਵਹਮਿ ਭਰਮ ਵਿੱਚ ਨਹੀਂ ਫੱਸਦਾ।

ਜੀਵਨ ਸਫਰ ਦੇ ਇਸ ਸੁਲਝੇ ਰਾਹ ਉੱਤੇ ਮਨੁੱਖ ਨੂੰ ਗੁਰੂ ਆਪਣੇ ਉਪਦੇਸ਼, ਆਪਣੀ ਬਾਣੀ ਤੇ ਆਪਣੇ ਜੀਵਨ ਪੂਰਨਿਆਂ ਰਾਹੀਂ ਤੋਰਦਾ ਹੈ। ਗੁਰੂ ਉਸ ਭਾਗਾਂ ਵਾਲੇ ਨੂੰ ਮਿਲਦਾ ਹੈ ਜਿਸ ਉੱਪਰ ਪ੍ਰਮਾਤਮਾ ਮਿਹਰ ਕਰਦਾ ਹੈ।

98140-07847

****

ਸਫ਼ਾ 17 ਦਾ ਬਾਕੀ

ਹਿੰਦੂਆਂ ਦੀਆਂ ਧਾਰਮਿਕ ਰਸਮਾਂ, ਧਾਰਮਿਕ ਚਿੰਨ੍ਹਾਂ ਉੱਤੇ ਵੀ ਕਰ ਲਗਾਇ ਜਾਂਦੇ ਸਨ। ਰਾਜਾ ਪ੍ਰਮਾਤਮਾ ਦੀ ਛਾਂ ਸੀ ਅਤੇ ਪ੍ਰਜਾ ਦਾ ਕੋਈ ਹੱਕ ਨਹੀਂ ਸੀ, ਅਣਖ ਸਵੈਮਾਣ ਦੀ ਤਾਂ ਗੱਲ ਹੀ ਕ ਕਰਨੀ। ਪਰਜਾ ਦਾ ਕੰਮ ਜੋ ਰਾਜਾ ਆਖੇ, ਉਸ ਸਾਹਮਣੇ ਸਿਰ ਝੁਕਾ ਕੇ ਤਨ ਮਨ ਧਨ ਹਾਜ਼ਰ ਕਰਨ ਦਾ ਹੀ ਸੀ, ਅਜਿਹਾ ਕਰਨਾ ਹਿੰਦੂ ਧਰਮ ਦਾ ਅੰਗ ਅਤੇ ਸ਼ਾਸ਼ਤਰਾਂ ਦਾ ਆਦੇਸ਼ ਸੀ। ਜਦੋਂ ਗੁਰੂ ਨਾਨਕ ਦੇਵ ਜੀ ਤੀਜੀ ਉਦਾਸੀ ਤੋਂ ਵਾਪਿਸ ਬਗਦਾਦ, ਕਾਬਲ ਦੇ ਰਸਤੇ 1521 ਈ: ਵਿੱਚ ਹਿੰਦੁਸਤਾਨ ਪਰਤੇ ਤਾਂ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕਰ ਦਿੱਤਾ। "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥ ਆਪੇ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜ੍ਹਾਇਆ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਅ॥ ਕਰਤਾ ਤੂੰ ਸਬਨਾ ਕਾ ਸੋਈ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥

ਸਦੀਆਂ ਦੀ ਮਾਰੂ ਚੁੱਪ ਤੋਂ ਬਾਅਦ ਪਹਿਲੋਂ ਪਹਿਲ ਸੱਚ ਦੀ ਦੋਹੀ ਦੇਣ ਵਾਲੀ ਸਾਹਿਬ ਸਤਿਗੁਰੂ ਨਾਨਕ ਦੀ ਆਵਾਜ ਹੀ ਸੀ। "ਫਿਰ ਉਠੀ ਆਖਿਰ ਸਦਾ ਤੌਹਿਦ ਕੀ ਪੰਜਾਬ ਸੇ।ਹਿੰਦ ਕੋ ਇੱਕ-ਮਰਦਿ-ਕਾਮਿਲ ਨੇ ਜਗਾਯਾ ਖਾਬ ਸੇ।" ਸਭ ਤੋਂ ਪਹਿਲਾਂ ਆਪ ਨੇ ਹੀ ਭਾਰਤ ਦੇ ਰਾਜਸੀ ਚਿੰਤਨ ਨੂੰ ਇਹ ਅਣਮੁੱਲਾ ਵਿਚਾਰ ਦਿੱਤਾ ਕਿ ਪਰਜਾ ਦੇ ਵੀ ਹੱਕ ਹੁੰਦੇ ਹਨ, ਅਤੇ ਉਨ੍ਹਾਂ ਹੱਕਾਂ ਦੀ ਰਾਖੀ ਲਈ ਅਜਿਹਾ ਸਮਾਂ ਆਉਂਦਾ ਹੈ ਜਦੋਂ ਜੂਝ ਮਰਨਾ, ਜੀਉਂਦੇ ਰਹਿਣ ਨਾਲੋਂ ਵਧੇਰੇ ਸ਼ੋਭਨੀਕ ਹੁੰਦਾ ਹੈ, "ਮਰਣੁ ਮੁਣਸਾ ਸੂਰਿਆ ਹੱਕੁ ਹੈ ਜੋ ਹੋਇ ਮਰਨਿ ਪਰਵਾਣੋ॥" ਸਿਆਸੀ ਅਤੇ ਧਾਰਮਿਕ ਜੀਵਨ ਦੇ ਸੁਮੇਲ ਦੀ ਲੜੀ ਵਿੱਚ ਇੱਕ ਹੋਰ ਭੇਤ ਦੀ ਗੱਲ ਹਜ਼ੂਰ ਫੁਰਮਾਉਂਦੇ ਹਨ ਕਿ ਰਾਜੇ ਕੁਝ ਦਿਨਾਂ ਦੇ ਹੀ ਪ੍ਰਾਹੁਣੇ ਹੁੰਦੇ ਹਨ, "ਆਵਨਿ ਅਠਤਰੈ ਜਾਨਿ ਸਤਾਨਵੈ" ਅਤੇ ਉਨ੍ਹਾਂ ਨੂੰ ਪ੍ਰਮਾਤਮਾ ਵਲੋਂ ਜ਼ੁਲਮ ਕਰਨ ਦਾ ਕੋਈ ਅਧਿਕਾਰ ਨਹੀਂ ਹੁੰਦਾ।

079899-27477

****

ਨਾਨਕ ਬਾਣੀ ਵਿੱਚ ਅਧਿਆਤਮ ਦਰਸ਼ਨ



ਦਲਜੀਤ ਕੌਰ ਦਾਊਂ

ਰੱਬ ਦੀ ਹੋਂਦ ਨੂੰ ਮੰਨਣਾ ਹੀ ਅਧਿਆਤਮਕ ਹੈ। ਗੁਰੂ ਨਾਨਕ ਦੀ ਬਾਣੀ ਉਨ੍ਹੀ ਰਾਗਾਂ ਵਿੱਚ ਮਿਲਦੀ ਹੈ। ਜੋ ਗੁਰੂ ਗ੍ਰੰਥ ਸਾਹਬਿ ਵਿੱਚ ਦਰਜ ਹੈ। ਰੱਬ ਦੀ ਹੋਂਦ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਇਹ ਕੀ ਹੈ? ਕਿਉਂ ਹੈ? ਕਿਵੇਂ ਹੈ? ਦਾ ਉੱਤਰ ਦੇਣਾ ਮੁਸ਼ਕਲ ਲੱਗਦਾ ਹੈ। ਜਿਵੇਂ ਬਿਜਲੀ ਦੀ ਸ਼ਕਤੀ (Tower) ਦਿਖਾਈ ਨਹੀਂ ਦਿੰਦੀ ਪਕੜੀ ਨਹੀਂ ਜਾ ਸਕਦੀ। ਸਿਰਫ ਬਲਬ ਬਲਣ, ਪੱਖੇ ਚਲਣ ਤੇ ਹੋਰ ਹਨੇਕਾਂ ਮਸ਼ੀਨਾਂ ਦੇ ਚਲਣ ਨਾਲ ਪਤਾ ਲਗਦਾ ਹੈ ਕਿ ਇਨ੍ਹਾਂ ਦੇ ਚਲਣ ਪਿੱਛੇ ਕੋਈ ਸ਼ਕਤੀ ਹੈ। ਇਸੇ ਤਰ੍ਹਾਂ ਸੰਸਾਰ ਵਿੱਚ ਅਦਭੁਤ ਚੀਜਾਂ ਦਾ ਪੈਦਾ ਹੋਣਾ, ਜਿਨ੍ਹਾਂ ਤੋਂ ਬਿਨਾਂ ਕੋਈ ਜਾਨਵਰ ਜੀਵ ਬਚ ਹੀ ਨਹੀਂ ਸਕਦਾ ਜਿਵੇਂ ਹਵਾ, ਪਾਣੀ, ਖਾਣ ਪੀਣ ਦੀਆਂ ਵਸਤਾਂ ਆਦਿ।

ਗੁਰੂ ਨਾਨਕ ਨੇ ਆਪਣੀ ਬਾਣੀ ਸ਼ੁਰੂ ਹੀ ਉਥੋਂ ਕੀਤੀ ਹੈ। ਜਿਹੜੀ ਸ਼ਕਤੀ ਸਮੇਂ ਦੀ ਸੀਮਾ ਤੋਂ ਵੀ ਪਾਰ ਹੈ। ਉਹ ਸੁੰਨ ਤੋਂ ਵੀ ਪਾਰ ਹੈ। ਉਹ ਸੁੰਨ ਤੋਂ ਬਾਅਦ ਇਕ ਧੁੰਨ ਚੋਂ ਪੈਦਾ ਹੋਈ ਹੈ। **'ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥'** ਉਸਨੂੰ ਉਹ ੧ਓ ਅੰਕਾਰ ਦਾ ਨਾਂ ਦਿੰਦੇ ਹਨ। ਅਕਾਲ ਪੁਰਖ। ਉਸਦਾ ਨਾਂ ਸੱਚ ਹੈ। ਉਹ ਕਰਤਾ ਪੁਰਖ ਹੈ। ਉਹ ਕਿਸੇ ਜੂਨ ਵਿੱਚ ਨਹੀਂ ਆਉਂਦਾ, ਉਹ ਅਕਾਲ ਹੈ। ਜਨਮ ਮਰਨ ਤੋਂ ਰਹਿਤ ਹੈ।

ਸਾਰੇ ਦੇਵਤੇ ਬ੍ਰਹਮ, ਵਿਸ਼ਨੂੰ, ਮਹੇਸ਼ ਉਸਦੇ ਬਣਾਏ ਹੋਏ ਨੇ।ਬ੍ਰਹਮਾਂ ਨੇ ਜਾਂ ਹੋਰ ਕਿਸੇ ਦੇਵਤੇ ਨੇ ਰੱਬ, ਪ੍ਰਮਾਤਮਾ, ਅਕਾਲ ਪੁਰਖ ਨੂੰ ਨਹੀਂ ਬਣਾਇਆ ਨਾ ਹੀ ਪੈਦਾ ਕੀਤਾ ਹੈ। ਸਗੋਂ ਅਕਾਲ ਪੁਰਖ, ਰੱਬ ਨੇ ਇਨ੍ਹਾਂ ਨੂੰ ਪੈਦਾ ਕੀਤਾ ਹੈ। ਸਾਰੇ ਸੰਸਾਰ ਵਿੱਚ ਧਰਤੀ ਬ੍ਰਹਿਮੰਡ, ਹਵਾ, ਅੱਗ, ਪਾਣੀ, ਪਹਾੜ, ਦਰਿਆ, ਜੀਵ ਜੰਤੂ ਸਭ ਉਸੇ ਦੇ ਹੀ ਪੈਦਾ ਕੀਤੇ ਹੋਏ ਨੇ। ਪੰਜ ਤੱਤ ਧਰਤੀ, ਪਾਣੀ, ਹਵਾ, ਅਕਾਸ਼, ਅੱਗ ਦੇ ਮਿਲਣ ਨੂੰ ਧੁੰਨ ਉਸਨੇ ਦਿੱਤੀ ਜਿਸ ਨਾਲ ਪ੍ਰਾਣੀ ਵਿੱਚ ਜਾਨ ਪੈ ਗਈ। ਹਾਲਾਂ ਕਿ ਪੰਜੇ ਤੱਤਾਂ ਨੂੰ ਵਿਰੋਧੀ ਤੱਤ ਸਮਝਿਆ ਜਾਂਦਾ ਹੈ। ਅਕਾਲ ਪੁਰਖ ਸੁੰਨ ਦੀ ਅਵਸਥਾ ਤੋਂ ਵੀ ਪਹਿਲਾਂ ਆਪਣੀ ਚੇਤਨਾ ਰੱਖਦਾ ਸੀ। ਚੇਤਨਾ ਜਾਗੀ ਤਾਂ ਉਸਨੇ ਸਾਰੇ ਸੰਸਾਰ ਦੀ ਸਿਰਜਨਾ ਕਰ ਲਈ। ਬਾਣੀ ਵਿੱਚ ਥਾਂ ਥਾਂ ਉਸ ਦੀ ਵਿਆਪਕਤਾ ਦਰਸਾਈ ਹੈ। ਉਸ ਦੀ ਸ਼ਕਤੀ ਦਾ ਕੋਈ ਅੰਤ ਨਹੀਂ ਪਾ ਸਕਦਾ। ਹਰ ਰੋਜ਼ ਨਵੀਂ ਸਿਰਜਨਾ ਹੁੰਦੀ ਰਹਿੰਦੀ ਹੈ। ਅਕਾਸ਼ ਵਿੱਚ, ਪਤਾਲ ਵਿੱਚ, ਧਰਤੀ 'ਤੇ ਵੀ, ਖੋਜਾਂ ਕਰਨ ਤੋਂ ਅੱਗੇ ਹੋਰ ਕੁਝ ਖੋਜ ਰਹਿਤ ਹੁੰਦਾ ਹੈ। ਉਸਦੀ ਰਚਨਾ ਅਥਾਹ ਹੈ ਅਗਮ ਹੈ ਅਗੋਚਰ ਹੈ।

ਉਨ੍ਹਾਂ ਦੀ ਬਾਣੀ ਵਿਚੋਂ ਇਹ ਭੀ ਪਤਾ ਲਗਦਾ ਹੈ ਕਿ ਮਨੁੱਖ ਨਾਸ਼ਵਾਨ ਹੈ। ਇਹ ਨਾ ਆਪਣੀ ਮਰਜ਼ੀ ਨਾਲ ਇਸ ਸੰਸਾਰ ਰੂਪੀ ਮੰਡਪ ਵਿੱਚ ਆ ਸਕਦਾ ਹੈ ਨਾ ਜਾ ਸਕਦਾ ਹੈ।

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ (472)

ਇਸ ਵਿੱਚ ਇਤਨਾ ਭੇਦ ਹੈ ਕਿ ਕਿਸੇ ਨੂੰ ਆਪਣੀ ਮੌਤ ਦੇ ਸਮੇਂ ਦਾ ਪਤਾ ਨਹੀਂ ਲਗਦਾ। ਪਰ ਸਭਨਾਂ ਨੇ ਕਿਸੇ ਨਾ ਕਿਸੇ ਸਮੇਂ ਇਸ ਸੰਸਾਰ ਤੋਂ ਕੂਚ ਕਰਨਾ ਹੀ ਹੈ।

ਮਰਣੁ ਲਿਖਾਇ ਮੰਡਲ ਮਹਿ ਆਏ॥ (685)

ਪਰਮਾਤਮਾ ਦੇ ਰਹਸ ਨੂੰ, ਉਸ ਦੀ ਸ਼ਕਤੀ ਨੂੰ ਪਾਉਣਾ, ਉਸ ਦੀ ਮੇਹਰ ਤੋਂ ਬਿਨ੍ਹਾਂ ਨਹੀਂ ਹੋ ਸਕਦਾ 'ਸਤਿਗੁਰ ਮੇਹਰ ਕਰ' ਗੁਰਬਾਣੀ ਵਿੱਚ ਸ਼ਬਦ ਹੈ। ਵੇਈਂ ਇਸ਼ਨਾਨ ਤੋਂ ਬਾਅਦ ਉਨ੍ਹਾਂ 'ਤੇ ਬਖਸ਼ਸ਼ ਹੋਈ। ਨਿਰੰਕਾਰ ਨੇ ਉਨ੍ਹਾਂ ਨੂੰ ਸੰਸਾਰ ਵਿੱਚ 'ਅਕਾਲ ਪੁਰਖ' ਦਾ ਨਾਮ ਪ੍ਰਚਾਰਨ ਲਈ ਹੁਕਮ ਦਿੱਤਾ। ਉਸਦੇ ਭੇਜੇ

ਹੋਏ ਦੇਵਤੇ ਆਪਣਾ ਨਾਮ ਜਪਾਉਂਦੇ ਸਨ। ਪਰ ਗੁਰੂ ਨਾਨਕ ਨੇ ਉਸ ੧ਓਂਅੰਕਾਰ ਨਾਮ ਦਾ ਜਾਪ ਕਰਨ ਲਈ ਹੀ ਕਿਹਾ। ਇਸੇ ਲਈ ਉਨ੍ਹਾਂ ਨੇ ਹਿੰਦੂ ਅਤੇ ਮੁਸਲਮਾਨ (ਇਸਲਾਮ) ਦੇ ਕਰਮਕਾਂਡਾਂ ਦਾ ਖੰਡਨ ਕੀਤਾ। ਦੋਨਾਂ ਧਰਮਾਂ ਦਾ ਪੁਜਾਰੀ, ਲੋਕਾਂ ਨੂੰ ਕਰਮਕਾਡਾਂ ਵਿੱਚ ਫਸਾਈ ਰੱਖਦਾ ਸੀ। ਅਸਲ ਸੱਚ ਦੇ ਗਿਆਨ ਦਾ ਲੜ ਨਹੀਂ ਸੀ ਫੜਾਉਂਦਾ। ਇਸੇ ਕਾਰਨ ਨਾਨਕ ਨੇ ਮੂਰਤੀ ਤੇ ਪੱਥਰ ਪੂਜਾ, ਜਨੇਊ, ਬ੍ਰਤ, ਪੂਜਾ ਦਾ ਖੰਡਨ ਕੀਤਾ। ਉਧਰ ਇਸਲਾਮ ਦੇ ਮੁਰਦੇ ਨੂੰ ਦਫਨਾਉਣ ਅਤੇ ਸੁੰਨਤ ਕਰਨ ਦਾ ਵਿਰੋਧ ਕੀਤਾ। ਉਨ੍ਹਾਂ ਦਾ ਮੱਤ ਸੀ ਪ੍ਰਮਾਤਮਾ ਨੇ ਜਿਸ ਤਰ੍ਹਾਂ ਦਾ ਸਰੀਰ ਦਿੱਤਾ ਹੈ। ਉਸਨੂੰ ਉਸੇ ਤਰ੍ਹਾਂ ਦਾ ਇਨਸਾਨ ਰਹਿਣ ਦਿਓ। ਜਨਮ ਤੋਂ ਬਾਅਦ ਉਸਨੂੰ ਆਪਣੇ-ਆਪਣੇ ਕਰਮਕਾਡਾਂ ਨਾਲ ਹਿੰਦੂ, ਜੋਗੀ ਬ੍ਰਾਹਮਣ, ਮੁਸਲਮਾਨ, ਬੋਧੀ, ਜੈਨੀ, ਇਸਾਈ ਨਾ ਬਣਾਓ। 'ਪ੍ਰਮਾਤਮਾ' ਨੇ ਸਭ ਨੂੰ ਇਕੋ ਜਿਹਾ ਸਰੀਰ ਦਿੱਤਾ ਹੈ ਤੇ ਦਿਮਾਗ ਦਿੱਤਾ ਹੈ। ਸਭ ਜੀਵਾਂ ਵਿਚੋਂ ਮਨੁੱਖ ਨੂੰ ਸਰੇਸ਼ਟ ਬਣਾਇਆ ਹੈ। ਉਸ ਵਿੱਚ ਬੁੱਧੀ ਤੇ ਚੇਤਨਤਾ ਪਾਈ ਹੈ।

ਇਸੇ ਲਈ ਉਨ੍ਹਾਂ ਦਾ ਸਭ ਤੋਂ ਪਹਿਲਾਂ ਮੰਤਰ ਇਹੀ ਹੈ। ਉਹ ਇੱਕ ਹੈ, ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਹੈ। ਸਾਰੇ ਇਨਸਾਨ ਹਨ। ਮਾਨਵ ਹਨ। ਦੂਸਰਾ ਉਨ੍ਹਾਂ ਸੰਦੇਸ਼ ਦਿੱਤਾ-ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ, ਸੰਗਤ ਤੇ ਪੰਗਤ ਦੀ ਰੀਤ ਚਲਾਈ। ਸੰਗਤ ਦਾ ਭਾਵ ਹੈ ਸਾਰੇ ਮਿਲ ਕੇ ਬੈਠੋ ਮਿਲ ਕੇ ਪ੍ਰਮਾਤਮਾ ਦਾ ਨਾਮ ਧਿਆਓ। ਉਸ ਦੇ ਵੱਖ-ਵੱਖ ਨਾਮ ਰੱਖਕੇ ਆਪਸ ਵਿੱਚ ਨਾ ਲੜੋ। ਸਭ ਦੀ ਮੰਜ਼ਿਲ ਇਕੋ ਹੈ।

ਪੰਗਤ ਦਾ ਭਾਵ ਹੈ ਸਾਰੇ ਮਿਲ ਕੇ ਇਕ ਸਮਾਨ ਭੋਜਨ ਖਾਓ ਅਮੀਰ ਗਰੀਬ ਰਾਜਾ ਰੰਕ ਬਰਾਬਰ ਇਕ ਪੰਕਤੀ ਵਿੱਚ ਬੈਠ ਕੇ ਖਾਓ। ਤਾਂ ਜੋ ਸਭਨਾ ਵਿੱਚ ਸਮਾਨਤਾ ਆਵੇ।

ਹੰਕਾਰ ਹਉਮੈ ਖਤਮ ਹੋਵੇ ਇਕ ਦੂਜੇ ਨੂੰ ਆਦਰ ਸਤਿਕਾਰ ਕਰਨ ਤੇ ਪਿਆਰ ਪ੍ਰੇਮ ਭਾਵਨਾ ਨਾਲ ਬੋਲਣ ਬਲਾਉਣ ਦੀ ਰੀਤ ਪਵੇ। ਉਨ੍ਹਾਂ ਦਾ ਆਦੇਸ਼ ਸੀ ਇਕ ਦੂਜੇ ਨੂੰ ਸਤਿਕਾਰ ਨਾਲ ਪੇਸ਼ ਆਉਣਾ।

ਮੁਹੌ ਕਿ ਬੋਲਣੁ ਬੋਲੀਐ
ਜਿਤੁ ਸੁਣਿ ਧਰੇ ਪਿਆਰੁ॥ (ਜਪੁਜੀ **ਅੰਗ 2**)

ਇਸੇ ਲਈ ਉਨ੍ਹਾਂ ਨੇ ਆਪਣੀ ਅਧਿਆਤਮਵਾਦੀ ਵਿਚਾਰਧਾਰਾ ਅਤੇ ਗਿਆਨ ਨਾਲ ਭਰਮਣ ਕਰਕੇ ਥਾਂ ਥਾਂ ਜਾਕੇ ਸਾਰੇ ਧਰਮਾਂ ਦੇ ਆਗੂਆਂ ਦੇ ਤੌਰ ਤਰੀਕੇ, ਰਹਿਣ ਦੇ ਸਲੀਕੇ ਅਤੇ ਲੋਕਾਂ ਨਾਲ ਵਰਤਾਓ ਕਰਨ ਦੇ ਤੌਰ ਤਰੀਕੇ ਦੇਖੇ ਤੇ ਉਨ੍ਹਾਂ ਨੂੰ ਆਦਰਸ਼ ਮਨੁੱਖ ਬਣਕੇ ਰਹਿਣ ਲਈ ਪ੍ਰੇਰਿਆ। ਉਹ ਆਪ ਇਕ ਬਹੁਤ ਵੱਡੇ ਆਦਰਸ਼ ਮਨੁੱਖ ਸਨ। ਉਨ੍ਹਾਂ ਦੀ ਮਿਕਨਾਤੀਸੀ ਸਖਸ਼ੀਅਤ ਅਤੇ ਪਿਆਰ ਭਰੇ ਬੋਲ ਜਾਦੂ ਦਾ ਕੰਮ ਕਰਦੇ ਸਨ। ਉਨ੍ਹਾਂ ਦੇ ਸੰਗੀਤ ਮਈ ਸ਼ਬਦ ਉਚਾਰਨ ਖਿੱਚ ਪਾਊ ਸਨ। ਗੁਰੂ ਨਾਨਕ ਭੀ ਭਾਵੇਂ ਭਗਤੀ ਲਹਿਰ ਦੇ ਆਗੂ ਸਨ ਪਰ ਉਨ੍ਹਾਂ ਨੇ ਪਹਿਲੇ ਭਗਤਾਂ ਵਾਂਗ ਸੰਸਕ੍ਰਿਤ ਵਿੱਚ ਨਹੀਂ ਲਿਖਿਆ, ਸਗੋਂ ਲੋਕ ਬੋਲੀ ਅਨੁਸਾਰ ਪਹਿਲੀ ਲਿੱਪੀ ਵਿਚੋਂ ਇਕ ਹੋਰ ਲਿੱਪੀ ਤਿਆਰ ਕੀਤੀ, 'ਗੁਰਮੁੱਖੀ ਲਿਪੀ' ਇਸੇ 'ਚ ਪੰਜਾਬੀ ਬੋਲੀ ਲਿਖੀ ਜੋ ਲੋਕਾਂ ਨੂੰ ਲੋਕਾਂ ਦੇ ਨੇੜੇ ਲੈ ਜਾਣ ਵਾਲੀ ਸੀ। ਇਸ ਤਰ੍ਹਾਂ ਉਨ੍ਹਾਂ ਨੇ ਲੋਕਾਂ ਨੂ ਅਧਿਆਤਮਵਾਦ ਤੋਂ ਦੂਰ ਨਹੀਂ ਕੀਤਾ। ਸਗੋਂ ਆਪ ਵੀ ਅਧਿਆਤਮਕਵਾਦ 'ਚ ਰਹੇ।

ਉਨ੍ਹਾਂ ਨੇ ਕਿਹਾ ਦੁਨੀਆਂ ਵਿੱਚ 'ਪੁਰਖ' ਏਕ ਹੈ ਹੋਰ ਸਗਲੀ ਨਾਰ ਸਵਾਈ। 'ਸਾਹਿਬੁ ਮੇਰਾ ਇਕੋ ਹੈ॥ ਏਕੋ ਹੈ ਭਾਈ ਏਕੋ ਹੈ॥੧॥ ਰਹਾਉ॥ ' (350)

ਪਹਿਲੀ ਪੰਕਤੀ ਵਿੱਚ ਸਮਾਨਤਾ ਦੂਜੀ ਪੰਕਤੀ ਵਿੱਚ ਅਕਾਲ ਪੁਰਖ ਦੀ ਉੱਚਤਾ ਦਰਸਾਈ ਹੈ। ਨਾਲ ਸਮਾਨਤਾ ਭੀ ਹੈ ਕਿ ਸਭ ਦਾ ਮਾਂ ਪਿਓ ਆਪ ਹੈ। ਗੁਰੂ ਨਾਨਕ ਸਭ ਤੋਂ ਵੱਧ ਕੁਦਰਤ ਦੇ ਨੇੜੇ ਰਹੇ। ਕੁਦਰਤ ਨਾਲ ਰਚਣਾ ਮਿਚਣਾ ਹੀ ਸਾਨੂੰ ਪ੍ਰਮਾਤਮਾ ਤੇ ਉਸਦੀ ਹੋਂਦ ਦੇ ਨੇੜੇ ਲੈ ਜਾਂਦਾ ਹੈ। ਗੁਰੂ ਨਾਨਕ ਜਿੱਥੇ ਭੀ ਜਾਂਦੇ ਹਮੇਸ਼ਾ ਰੁੱਖਾਂ ਹੇਠਾਂ ਆਸਣ ਲਾ ਲੈਂਦੇ ਤੇ ਕੀਰਤਨ ਕਰਨ ਲੱਗ ਜਾਂਦੇ। ਕਈ ਵਾਰੀ ਨੀਲੀ ਛੱਤ ਖੁੱਲ੍ਹੇ ਆਸਮਾਨ ਹੇਠਾਂ ਹੀ ਬੈਠ ਜਾਂਦੇ। ਮੰਦਰ ਜਾਂ ਮਸਜਿਦ ਦੇ ਬਾਹਰਲੇ ਪਾਸੇ ਹੀ ਆਸਣ ਲਾ ਕੇ ਬੈਠ ਜਾਂਦੇ ਅੰਦਰ ਨਾ ਜਾਂਦੇ।

ਗੁਰੂ ਨਾਨਕ ਨੇ ਸੰਸਾਰ ਦੇ ਇਤਿਹਾਸ ਵਿੱਚ

ਬਾਕੀ 7 ਪੰਨੇ 'ਤੇ

ਮਾਨਵਤਾ ਦੇ ਗੁਰੂ-ਜਗਤ-ਗੁਰੂ ਨਾਨਕ ਸਾਹਿਬ ਜੀ



ਗੁਰਮੇਲ ਸਿੰਘ ਖਾਲਸਾ

ਮਾਨਵਤਾ ਦੇ ਗੁਰੂ ਜਗਤ ਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਕਾਸ਼ 15-04-1469 ਨੂੰ ਰਾਇ ਭੋਇ ਦੀ ਤਲਵੰਡੀ ਜਿਲਾ ਸ਼ੇਖੂਪੁਰ (ਪਾਕਿਸਤਾਨ) ਵਿੱਚ ਹੋਇਆ। ਅੱਜਕਲ੍ਹ ਇਸ ਦਾ ਨਾਮ ਨਨਕਾਣਾ ਸਾਹਿਬ ਹੈ। ਆਪ ਜੀ ਦੇ ਪਿਤਾ ਜੀ ਦਾ ਨਾਮ ਮਹਿਤਾ ਕਾਲੂ ਜੀ ਅਤੇ ਮਾਤਾ ਜੀ ਦਾ ਨਾਮ ਮਾਤਾ ਤ੍ਰਿਪਤਾ ਜੀ ਹੈ। ਆਪ ਜੀ ਦੇ ਪਿਤਾ ਰਾਇ ਬੁਲਾਰੇ ਭੱਟੀ ਜੋ ਕਿ 1500 ਮੁਰੱਬਾ ਜ਼ਮੀਨ ਦਾ ਮਾਲਕ ਸੀ ਦੇ ਪਟਵਾਰੀ ਸਨ। ਜ਼ਮੀਨ ਦੀ ਦੇਖਭਾਲ ਤੇ ਸਾਰੀ ਜੁਮੇਵਾਰੀ ਮਹਿਤਾ ਕਾਲੂ ਜੀ ਦੀ ਹੀ ਸੀ। ਮਹਿਤਾ ਕਾਲੂ ਜੀ ਦੇ ਦੋ ਬੱਚੇ ਇਕ ਗੁਰੂ ਨਾਨਕ ਸਾਹਿਬ ਜੀ ਤੇ ਦੂਸਰੀ ਲੜਕੀ ਬੇਬੇ ਨਾਨਕੀ ਜੀ ਸਨ। ਸਾਖੀਕਾਰ ਲਿਖਦੇ ਹਨ ਕਿ ਗੁਰੂ ਜੀ ਆਪਣੇ ਨਾਨਕੇ ਪਿੰਡ ਪੈਦਾ ਹੋਣ ਕਰਕੇ ' ਨਾਨਕ ' ਨਾਉਂ ਰੱਖਿਆ ਗਿਆ। ਪ੍ਰਸਿੱਧੀ ਹੋਣ ਉਪਰੰਤ ਹਿੰਦੂ ਭਰਾਵਾਂ ਨੇ ਆਪਣਿਆਂ ਦੇਵਤਿਆਂ ਬਰਾਬਰ ਸਮਝ ਕੇ ਗੁਰੂ ਨਾਨਕ ਜੀ ਦੇ ਨਾਮ ਨਾਲ ਦੇਵ ਜੋੜ ਕੇ ਗੁਰੂ ਨਾਨਕ ਦੇਵ ਜੀ ਬਣਾ ਲਿਆ। ਮੁਸਲਮਾਨਾਂ ਨੇ ਨਾਲ ਸ਼ਾਹ ਲਗਾ ਕੇ ਨਾਨਕ ਸ਼ਾਹ ਅਤੇ ਸਿੱਧਾ ਨੇ ਨਾਥ ਜੋੜ ਕੇ ਨਾਨਕ ਨਾਥ ਬਣਾ ਲਿਆ। ਗੱਲ ਕੀ ਕਿ ਜਦੋਂ ਸੁੰਦਰਤਾ ਦਰਸ਼ਨ ਦੇਵੇ ਸਭ ਕੋਈ ਆਪਣੀ ਜਾਣੇ। ਸਰਬ ਪ੍ਰਵਾਨਤ ਇਹੀ ਪ੍ਰਚੱਲਤ ਹੋ ਗਿਆ :-

ਬਾਬਾ ਨਾਨਕ ਸ਼ਾਹ ਫਕੀਰ

ਹਿੰਦੂ ਕੇ ਗੁਰੂ ਮੁਸਲਮਾਨ ਕੇ ਪੀਰ।

ਮੈਕਾਲਿਫ ਦੀ ਸੰਪਾਦਿਤ ਜਨਮ ਸਾਖੀ ਵਿੱਚ ਇਉਂ ਲਿਖਿਆ ਹੈ ' ਜਬ ਬਾਬਾ ਵਰਸਾਂ ਪੰਜਾਂ ਕਾ ਹੋਇਆ ਤਾਂ ਲੱਗਾ ਬਾਤਾਂ ਅਗਮ ਨਿਗਮ ਦੀਆਂ ਕਰਨ। ਜੋ ਕਿਛ ਬਾਤ ਕਰੇ ਸੋ ਸਮਝ ਕਰੇ। ਤਿਸਤੇ ਸਭ ਕੀ ਨਿਸ਼ਾ ਹੋਇ ਆਵੈ। ਹਿੰਦੂ ਕਹਿਣ ਜੋ ਕੋਈ ਦੇਵਤਾ ਸਰੂਪ ਪੈਦਾ ਹੋਇਆ ਹੈ। ਮੁਸਲਮਾਨ ਕਹਿਣ ਜੋ ਕੋਈ ਖੁਦਾਇ ਦਾ ਵਲੀ ਪੈਦਾ ਹੋਇਆ ਹੈ।

ਜਗਤ ਗੁਰੂ ਨਾਨਕ ਪਾਤਸ਼ਾਹ ਜੀ ਦੀ ਪੈਦਾਇਸ਼ ਇੱਕ ਮਾਈ ਦੌਲਤਾਂ ਦੇ ਹੱਥਾਂ ਵਿੱਚ ਹੋਈ। ਜਨਮ ਸਾਖੀਆਂ ਵਿਚ ਲਿਖਿਆ ਮਿਲਦਾ ਹੈ ਕਿ ਮਾਈ ਦਾਈ ਦੌਲਤਾਂ ਨੇ ਵਧਾਈ ਦੇਣ ਸਮੇ ਕਿਹਾ ' ਮੇਰੇ ਹੱਥਾਂ ਵਿੱਚ ਅਨੇਕਾਂ ਬਾਲਕ ਪੈਦਾ ਹੋਏ ਹਨ ਇਹ ਜੋ ਮਾਤਾ ਤ੍ਰਿਪਤਾ ਜੀ ਦਾ ਬਾਲਕ ਹੈ ਇਹ ਸਭ ਤੋਂ ਨਿਆਰਾ ਹੈ। ਮੈਂ ਇਸ ਤਰਾਂ ਦਾ ਬਾਲਕ ਹੋਰ ਕਿਧਰੇ ਨਹੀ ਦੇਖਿਆ ! ਪੰਜਾਂ ਸਾਲਾਂ ਦੀ ਉਮਰ ਵਿੱਚ ਗੁਰੂ ਜੀ ਨੂੰ ਪਾਂਧੇ ਕੋਲ ਪੜ੍ਹਨੈ ਪਾ ਦਿੱਤਾ। ਪਾਂਧੇ ਦੇ ਕੋਰਸ ਤੋਂ ਬਾਅਦ ਮੌਲਵੀ ਕੋਲ ਵਿਦਿਆ ਪ੍ਰਾਪਤ ਕਰਨ ਪਾ ਦਿੱਤਾ। ਗੁਰੂ ਜੀ ਇਹਨਾਂ ਨਾਲ਼ ਦੁਨੀਆਂ ਦੇ ਦੁੱਖਾਂ ਦਾ ਦਾਰੂ ਲੱਭਣ ਦੀਆਂ ਹੀ ਗੱਲਾਂ ਕਰਦੇਂ ਰਹਿੰਦੇ ਸਨ। ਜਦੋਂ ਗੁਰੂ ਜੀ ਨੌਂ ਸਾਲ ਦੇ ਹੋਏ ਤਾਂ ਜਨੇਊ ਸੰਸਕਾਰ ਦੀ ਰਸਮ ਦਾ ਪ੍ਰਬੰਧ ਕੀਤਾ ਗਿਆ। ਸਾਰੇ ਰਿਸ਼ਤੇਦਾਰਾਂ ਸਬੰਧੀਆਂ ਮਿੱਤਰਾਂ ਆਦਿ ਨੂੰ ਸੱਦਿਆ ਗਿਆ। ਤਕੜਾ ਇਕੱਠ ਕੀਤਾ ਗਿਆ। ਜਦੋਂ ਗੁਰੂ ਜੀ ਨੂੰ ਜਨੇਊ ਪਾਉਣ ਲਈ ਬੁਲਾਇਆ ਗਿਆ ਤਾਂ ਗੁਰੂ ਜੀ ਨੇ ਹਜੂਮ ਦੇ ਸਾਹਮਣੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ। ਰਾਇ ਬੁਲਾਰੇ ਭੱਟੀ ਨੂੰ ਬੁਲਾਇਆ ਗਿਆ। ਸਾਰਿਆਂ ਦੇ ਸਾਹਮਣੇ ਪੰਡਤਾਂ ਨਾਲ ਸਵਾਲ ਜਵਾਬ ਹੋਏ। ਇਹ ਸੂਤ ਦਾ ਜਨੇਊ ਪਾਕੇ ਉੱਚੀ ਜਾਤ ਵਿੱਚ ਪ੍ਰਵੇਸ਼ ਨਹੀਂ ਹੋਣਾ ਚਾਹੁੰਦਾ। ਕੋਈ ਏਹੋ ਜਿਹਾ ਪੱਕਾ ਜਨੇਊ ਪਹਿਨਾਓ ਜਿਹਦੇ ਪਹਿਨਣ ਨਾਲ ਮੇਰੇ ਮਨ ਵਿੱਚ ਲੋਕਾਂ ਅਤੇ ਪ੍ਰਾਣੀਆਂ ਲਈ ਦਇਆ

ਪੈਦਾ ਹੋਵੇ । ਸਬਰ ਸੰਤੋਖ ਆਵੇ ਅਤੇ ਉੱਚ ਕੋਟੀ ਦੇ ਚਰਿੱਤਰ ਦੀ ਘਾੜਤ ਹੋਵੇ । ਇਹ ਗੱਲਾਂ ਸੁਣ ਕੇ ਸ਼ੰਨਾਟਾ ਛਾ ਗਿਆ । ਪੰਡਤਾਂ ਨੂੰ ਕੋਈ ਜਵਾਬ ਨਾ ਆਇਆ । ਰਾਇ ਬੁਲਾਰੇ ਭੱਟੀ ਅਸ਼ ਅਸ਼ ਕਰ ਉਠਿਆ । ਗੁਰੂ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ । ਰਾਇ ਬੁਲਾਰੇ ਭੱਟੀ ਨੂੰ ਉਦੋਂ ਹੀ ਗਿਆਨ ਹੋ ਗਿਆ ਸੀ ਕਿ ਇਹ ਬਾਲਕ ਕੋਈ ਆਮ ਨਹੀ ਹੈ । ਇਹ ਕੋਈ ਔਲੀਆ ਹੈ । ਉਸੇ ਸਮੇਂ ਰਾਇ ਬੁਲਾਰੇ ਭੱਟੀ ਨੇ ਪਿਤਾ ਮਹਿਤਾ ਕਾਲੂ ਜੀ ਨੂੰ ਹੁਕਮ ਕਰ ਦਿੱਤਾ ਕਿ ਇਸ ਬਾਲਕ ਨੂੰ ਕਦੇ ਘੂਰਨਾ ਨਹੀਂ ਸਦਾ ਪ੍ਰੇਮ ਨਾਲ ਪੇਸ਼ ਆਉਣਾ ਹੈ।

ਗੁਰੂ ਜੀ ਦਾ ਵਿਆਹ ਬਟਾਲਾ ਨਿਵਾਸੀ ਮੂਲਚੰਦ ਜੀ ਦੀ ਸਪੁੱਤਰੀ ਸੁਲੱਖਣੀ ਜੀ ਨਾਲ ਕਰ ਦਿੱਤਾ । ਗੁਰੂ ਜੀ ਨੇ ਗ੍ਰਹਿਸਥ ਜੀਵਨ ਭੀ ਨਿਭਾਇਆ । ਆਪ ਜੀ ਦੇ ਦੋ ਪੁੱਤਰ ਇੱਕ ਬਾਬਾ ਸ੍ਰੀ ਚੰਦ ਜੀ ਤੇ ਦੂਸਰੇ ਲਖਮੀ ਚੰਦ ਜੀ ਹੋਏ । ਬੇਬੇ ਨਾਨਕੀ ਜੀ ਦੇ ਪਤੀ ਭਾਈ ਜੈ ਰਾਮ ਜੀ ਜੋ ਕਿ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਨਾਲ ਸੇਵਾ ਨਿਭਾਉਂਦੇ ਸਨ ਉਹਨਾ ਨੇ ਗੁਰੂ ਜੀ ਨੂੰ ਆਪਣੇ ਕੋਲ ਬੁਲਾ ਲਿਆ ਅਤੇ ਦੌਲਤ ਖਾਂ ਦੇ ਮੋਦੀ ਖਾਨੇ ਦੇ ਮੋਦੀ ਲੱਗ ਗਏ । ਆਪ ਜੀ ਨੇ ਬਹੁਤ ਹੀ ਇਮਾਨਦਾਰੀ ਨਾਲ ਸੇਵਾ ਨਿਭਾਈ । ਤੇਰਾ ਤੇਰਾ ਦੀ ਸਾਖੀ ਦਾ ਸਾਕਾ ਇੱਥੇ ਹੀ ਵਰਤਿਆ ਸੀ।

ਪੰਜਾਬੀ ਯੂਨੀਵਰਸਿਟੀ ਦੇ ਇੱਕ ਵਿਦਵਾਨ ਸਰਦਾਰ ਹਰਪਾਲ ਸਿੰਘ ਪੰਨੂ ਇੱਕ ਵੇਰ ਵਿਦਿਅਕ ਕਾਨਫਰੰਸ ਲਈ ਲਹੌਰ ਗਏ ਸਨ । ਉਹਨਾਂ ਨੂੰ ਲਹੌਰ ਦੇ ਸੀਨੀਅਰ ਪ੍ਰੋਫੈਸਰਾਂ ਨੇ ਇੱਕ ਸੱਚੀ ਸਾਖੀ ਸੁਣਾਈ ਜੋ ਕਿ ਇਸ ਪ੍ਰਕਾਰ ਹੈ :- ਰਾਇ ਬੁਲਾਰੇ ਭੱਟੀ ਦੇ ਕੋਈ ਔਲਾਦ ਨਹੀਂ ਸੀ । ਉਹਨਾਂ ਇੱਕ ਵੇਰ ਗੁਰੂ ਨਾਨਕ ਸਾਹਿਬ ਜੀ ਅੱਗੇ ਝੋਲ਼ੀ ਅੱਡ ਕੇ ਬੇਨਤੀ ਕੀਤੀ । ਮਹਾਰਾਜ ਮੇਰੀ ਝੋਲ਼ੀ ਭਰ ਦਿਉ । ਗੁਰੂ ਜੀ ਨੇ ਕਿਹਾ । ਝੋਲ਼ੀਆਂ ਭਰਨ ਵਾਲਾ ਅੱਲ੍ਹਾ ਤਾਲਾ ਹੈ । ਉਹ ਆਪ ਜੀ ਦੀਆਂ ਮੁਰਾਦਾਂ ਜਰੂਰ ਪੂਰੀਆਂ ਕਰੇਗਾ । ਸਮਾ ਪਾਕੇ ਰਾਇ ਬੁਲਾਰੇ ਭੱਟੀ ਦੇ ਘਰ ਇੱਕ ਲੜਕਾ ਪੈਦਾ ਹੋ ਗਿਆ । ਲੜਕੇ ਦੇ ਜਨਮ ਦਿਨ ਦੀ ਛਿਟੀ ਕੀਤੀ ਗਈ । ਸਭਾ ਬੁਲਾਈ ਹੋਈ ਸੀ । ਸਭਾ ਵਿੱਚ ਰਾਇ ਬੁਲਾਰੇ ਭੱਟੀ ਨੇ ਆਪਣੀ ਜ਼ਮੀਨ ਦੀ ਵਸੀਅਤ ਕੀਤੀ । ਜੋ ਕਿ ਇਸ ਪ੍ਰਕਾਰ ਹੈ :- 'ਮੇਰੀ 1500 ਮੁਰੱਬਾ ਜ਼ਮੀਨ ਹੈ । ਇਸ ਦਾ ਅੱਧ 750 ਮੁਰੱਬਾ ਜ਼ਮੀਨ ਆਪਣੇ ਲੜਕੇ ਦੇ ਨਾਮ ਕਰ ਰਿਹਾ ਹਾਂ । ਬਾਕੀ ਦਾ ਅੱਧ 750 ਮੁਰੱਬਾ ਜ਼ਮੀਨ ਨਾਨਕ ਪੀਰ ਦੇ ਨਾਮ ਕਰਦਾ ਹਾਂ' । ਉਸ ਵਕਤ ਗੁਰੂ ਨਾਨਕ ਸਾਹਿਬ ਜੀ ਪੂਰਬ ਵਲ ਨੂੰ ਪ੍ਰਚਾਰ ਫੇਰੀ ਤੇ ਗਏ ਸਨ । ਦੁਨੀਆਂ ਦੇ ਦੁੱਖਾਂ ਦਾ ਦਾਰੂ ਲੱਭਦੇ ਫਿਰਦੇ ਸਨ । ਇਸ ਪ੍ਰਚਾਰ ਫੇਰੀ ਨੂੰ ਇਤਿਹਾਸਕਾਰਾਂ ਨੇ ਪਹਿਲੀ ਉਦਾਸੀ ਕਿਹਾ ਹੈ । ਇਸ ਪ੍ਰਚਾਰ ਫੇਰੀ ਵਿੱਚ ਗੁਰੂ ਨਾਨਕ ਸਾਹਿਬ ਜੀ ਤੇ ਭਾਈ ਮਰਦਾਨਾ ਜੀ ਅੱਜ ਦੇ ਬੰਗਲਾ ਦੇਸ਼ ਦੇ ਢਾਕੇ ਤੱਕ ਗਏ ਸਨ । ਭਾਈ ਮਰਦਾਨਾ ਜੀ ਰਬਾਬ ਵਜਾਉਂਦੇ ਰਾਗ ਕੱਢਦੇ ਗੁਰੂ ਨਾਨਕ ਸਾਹਿਬ ਜੀ ਉਸ ਰਾਗ ਵਿੱਚ ਰੱਬ ਦੀ ਉਸਤਤਿ ਕਰਦੇ ਅਤੇ ਦੁਨੀਆਂ ਦੇ ਦੁੱਖ ਹਰਨ ਦੇ ਗੀਤ ਗਾਉਂਦੇ । 'ਲੋਗ ਜਾਨੈ ਇਹੁ ਗੀਤੁ ਹੈ ਇਹ ਤਉ ਬ੍ਰਹਮ ਬੀਚਾਰ ।।' ਸ਼ਬਦ ਅਤੇ ਸੰਗੀਤ ਦੇ ਮੇਲ ਨਾਲ ਲੋਕਾਂ ਨੂੰ ਜੀਣ ਦੀਆਂ ਸੋਹਣੀਆਂ ਯੁਕਤੀਆ ਦੱਸਦੇ ਸਨ । ਸੰਗੀਤ ਦੀ ਭਾਸ਼ਾ ਸਾਰੀ ਦੁਨੀਆਂ ਨੂੰ ਚੰਗੀ ਲਗਦੀ ਹੈ ਸਾਰੀ ਦੁਨੀਆਂ ਸਮਝਦੀ ਭੀ ਹੈ । ਸੰਗੀਤ ਪ੍ਰਾਣੀਆਂ ਨੂੰ ਖੁਸ਼ ਕਰ ਸਕਦਾ ਹੈ । ਹਸਾ ਸਕਦਾ ਹੈ । ਰੁਲਾ ਸਕਦਾ ਹੈ । ਹੈਰਾਨ ਕਰ ਸਕਦਾ ਹੈ । ਜੋਸ਼ ਵਿੱਚ ਲਿਆ ਸਕਦਾ ਹੈ । ਸਾਂਤ ਕਰ ਸਕਦਾ ਹੈ । ਸਰਦਾਰ ਹਰਪਾਲ ਸਿੰਘ ਜੀ ਨੇ ਕਿਹਾ ਕਿ ਇਸ ਜ਼ਮੀਨ ਬਾਰੇ ਉਦੋ ਪਤਾ ਲੱਗਿਆ ਜਦੋਂ ਭੱਟੀਆਂ ਦੇ ਮੋਹਤਬਰਾਂ ਨੇ ਜਿਹੜੇ ਕਿ ਉਸ ਜ਼ਮੀਨ ਨੂੰ ਵਾਹੁੰਦੇ ਬੀਜਦੇ ਸਨ ਨੇ ਜ਼ਮੀਨ ਦੀ ਫਰਦ ਲੈਣੀ ਚਾਹੀ । ਉਹ ਫਰਦ ਨਾਨਕ ਪੀਰ ਦੇ ਨਾਮ ਦੀ ਨਿਕਲੀ । ਉਹਨਾਂ ਅਦਾਲਤ ਵਿੱਚ ਕੇਸ ਕਰ ਦਿੱਤਾ ਕਿ ਭੱਟੀਆਂ ਦੇ ਪੂਰਬਜਾਂ ਨੇ ਗਲਤੀ ਨਾਲ ਇਸ ਜ਼ਮੀਨ ਦੇ ਮਾਲਕੀ ਹੱਕ ਨਾਨਕ ਪੀਰ ਨੂੰ ਦਿੱਤਾ ਹੋਏ ਹਨ । ਜੋ ਕਿ ਗਲਤ ਹਨ । ਸੁਰੂ ਤੋਂ ਅਸੀਂ ਹੀ ਇਸ ਜ਼ਮੀਨ ਤੇ ਕਾਬਜ ਹਾਂ ਤੇ ਵਾਹੁੰਦੇ ਬੀਜਦੇ ਭੀ ਹਾਂ । ਇਸ ਲਈ ਇਸ ਜ਼ਮੀਨਾਂ ਦੇ ਮਾਲਕੀ ਹੱਕ ਸਾਡੇ ਨਾਮ ਕੀਤੇ ਜਾਣ । ਕਾਫੀ ਦੇਰ ਮੁਕੱਦਮਾ ਚੱਲਿਆ । ਜੱਜਾਂ ਨੇ ਕੇਸ ਦੀ ਘੋਖ ਕੀਤੀ ਤਾਂ ਪਾਇਆ ਕਿ ਮਾਲਕੀ ਹੱਕ ਤਾਂ ਨਾਨਕ ਪੀਰ ਦੇ ਹੀ ਹਨ । ਮੁਕੱਦਮਾ ਪਾਕਿਸਤਾਨ ਦੀ ਸਰਬ ਉੱਚ ਅਦਾਲਤ ਵਿੱਚ

ਚਲਾ ਗਿਆ। ਮਸਲਾ ਗੰਭੀਰ ਸੀ। ਸਰਬ ਉੱਚ ਅਦਾਲਤ ਦੇ ਜੱਜਾਂ ਨੇ ਭੀ ਪਾਇਆ ਕਿ ਇਸ ਜ਼ਮੀਨ ਦੇ ਮਾਲਕੀ ਹੱਕ ਤਾਂ ਨਾਨਕ ਪੀਰ ਦੇ ਨਾਮ ਹੀ ਹਨ। ਅਦਾਲਤ ਨੇ ਗੁਪਤ ਤੌਰ ਤੇ ਭੱਟੀ ਮੁਸਲਮਾਨਾਂ ਦੇ ਮੋਹਤਬਰਾਂ ਨੂੰ ਬੁਲਾਇਆ ਅਤੇ ਸਮਝਾਇਆ। ਭਾਈ ! ਇਸ ਜ਼ਮੀਨ ਦੇ ਮਾਲਕੀ ਹੱਕ ਤਾਂ ਨਾਨਕ ਪੀਰ ਦੇ ਨਾਮ ਹੀ ਰਹਿਣਗੇ। ਤੁਸੀਂ ਸੁਰੂ ਤੋਂ ਵਾਹੁੰਦੇ ਬੀਜਦੇ ਆ ਰਹੇ ਹੋ। ਕਿਸੇ ਨੇ ਇਤਰਾਜ ਨਹੀਂ ਕੀਤਾ। ਚੁੱਪ ਚਾਪ ਹੁਣ ਭੀ ਤੁਸੀਂ ਵਾਹੁੰਦੇ ਬੀਜਦੇ ਰਹੋ। ਸਾਖੀ ਹਰਪਾਲ ਸਿੰਘ ਪੰਨੂ ਤੋਂ ਇੱਕ ਸਮਾਗਮ ਚ ਸੁਣੀ ਹੋਈ ਹੈ। ਹੂ-ਬ-ਹੂ ਨਹੀਂ ਲਿਖੀ ਗਈ। ਇਸ ਲਈ ਮੁਆਫੀ ਚਾਹੁੰਦਾ ਹਾਂ। ਸਾਖੀ ਲਿਖਣ ਦਾ ਮਕਸਦ ਹੈ ਕਿ ਵਿਸ਼ਾਲ ਭੂਮੀ ਦਾ ਮਾਲਕ ਜਗਤ ਗੁਰੂ ਨਾਨਕ ਭੁੱਖਾ ਨੰਗਾ, ਧੁੱਪਾਂ ਪਾਲ਼ੇ ਸਹਾਰਦਾ ਤੇ ਕੰਡੇ ਮਿੱਧਦਾ ਦੁਨੀਆਂ ਦੇ ਦੁੱਖਾਂ ਦਾ ਦਾਰੂ ਲੱਭਦੇ ਫਿਰਦਾ ਸਨ। ਜਦ ਕਿ ਸਾਡੇ ਅਜੋਕੇ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਸਿੱਖ ਕਹਾਉਣ ਵਾਲੇ ਆਪਣੀ ਹਉਮੈ ਅਤੇ ਦੇਹਿਕ ਸੁੱਖਾਂ ਖਾਤਰ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਨੂੰ ਪਿੱਠ ਦੇਕੇ ਬਹੁਤੀਆਂ ਕਮਾਈਆਂ ਕਰਨ ਲਈ ਬਾਹਰ ਵਿਦੇਸ਼ਾਂ ਵਿੱਚ ਜਾ ਰਹੇ ਹਨ। ਇੱਧਰ ਗੁਰੂ ਨਾਨਕ ਸਾਹਿਬ ਜੀ ਆਪਣੇ ਸਾਰੇ ਸੁੱਖਾਂ ਨੂੰ ਪਿੱਠ ਦੇਕੇ ਜਲ਼ਦੇ ਬਲ਼ਦੀ ਧਰਤੀ ਨੂੰ ਸਾਂਤ ਕਰਨ ਦੀ ਫਿਕਰ ਵਿੱਚ ਸਨ। ਭਾਈ ਗੁਰਦਾਸ ਜੀ ਨੇ ਦੁਨੀਆਂ ਦੀ ਇਸ ਹਾਲਤ ਨੂੰ ਇਉਂ ਬਿਆਨਿਆ ਹੈ :-

ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਵੀ ਦਿਸਿ ਆਈ ।। ਬਾਝ ਗੁਰੂ ਗੁਬਾਰੁ ਹੈ ਹੈਹੈ ਕਰਦੀ ਸੁਣੀ ਲੁਕਾਈ ।। ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ ।। ਚੜਿਆ ਸੋਧਣਿ ਧਰਤੀ ਲੁਕਾਈ ।। (ਪਉੜੀ 24)

ਇਹਨਾਂ ਪ੍ਰਚਾਰ ਫੇਰੀਆਂ ਵਿੱਚ ਰਾਜਿਆਂ ਅਹਿਲਕਾਰਾਂ ਨੂੰ ਸੀਂਹ ਮੁਕੱਦਮ ਕੁੱਤੇ ਕਿਹਾ। ਕਾਦੀਆਂ ਨੂੰ ਰਿਸ਼ਵਤੀ ਕਿਹਾ। ਚੋਰ ਕਿਹਾ। ਬ੍ਰਾਹਮਣ ਨੂੰ ਮਨੁੱਖਤਾ ਦੇ ਕਾਤਲ ' ਹੱਥ ਛੁਰੀ ਜਗਤ ਕਸਾਈ ਕਿਹਾ। ਜੋਗੀਆਂ ਨੂੰ ਘਰ ਦੀਆਂ ਜੁਮੇਵਾਰੀਆਂ ਤੋਂ ਡਰੇ ਭਗੌੜੇ ' ਜਤੀ ਸਦਾਵਹਿ ਜੁਗਤਿ ਨਾ ਜਾਣਹਿ ਛਡਿ ਬਹਹਿ ਘਰ ਬਾਰੁ ।। ਜੋਗੀ ਜੁਗਤਿ ਨਾ ਜਾਣੈ ਅੰਧੁ ।। ਲੋਕਾਈ ਨੂੰ ਭੀ ਅੰਧੀ ਰਈਅਤ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ ।। ਨਿਮਾਜੀਆਂ ਨੂੰ ਮਾਣਸ ਖਾਣੇ ਕਰਹਿ ਨਿਵਾਜ। ਪੰਡਤ ਅੰਦਰ ਡਰ ਡਰ ਕੇ ਵੇਦ ਪੜਦੇ ਹਨ ਪਰ ਬਾਹਰ ਮੁਸਲਮਾਨਾਂ ਨਾਲ ਦੋਸਤੀ ਦਾ ਨਾਟਕ ਕਰਦੇ ਹਨ। ਬਿਲਕੁਲ ਅੱਜ ਵਰਗੀ ਹਾਲਤ ਹੈ ਜਿਵੇ ਭਾਰਤ ਦਾ ਪ੍ਰਧਾਨ ਮੰਤਰੀ ਭਾਰਤ ਦੇ ਮੁਸਲਮਾਨਾਂ ਤੋਂ ਤਾਂ ਰੱਜ ਕੇ ਨਫਰਤ ਕਰਦਾ ਹਿ ਪਰ ਸਾਊਦੀ ਅਰਬ ਵਿੱਚ ਮੁਸਲਮਾਨੀ ਬਾਣੇ ਵਿੱਚ ਉਹਨਾਂ ਤੋ ਪੁਰਸਕਾਰ ਲੈਂਦੇ ਫਿਰਦੇ ਹਨ। ਸਾਡੇ ਅਖੌਤੀ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਨੂੰ ਮੰਨਣ ਵਾਲੇ ਉਹਨਾਂ ਨਾਲ ਦੋਸਤੀ ਦਾ ਨਾਟਕ ਕਰਦੇ ਫਿਰਦੇ ਹਨ ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਂ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਨੂੰ ਖਤਮ ਕਰਨਾ ਚਾਹੁੰਦੇ ਹਨ।

ਦੂਸਰੀ ਉਦਾਸੀ ਪੱਛਮ ਵਲ ਇਰਾਨ ਇਰਾਕ ਦੇ ਬਗਦਾਦ ਮੱਕਾ ਮਦੀਨਾ ਤੱਕ ਗਏ। ਤੀਜੀ ਪ੍ਰਚਾਰ ਫੇਰੀ ਦੱਖਣ ਵਲ ਸ਼੍ਰੀ ਲੰਕਾ ਤੋਂ ਭੀ ਪਾਰ ਤੱਕ ਗਏ। ਸਾਰੀ ਦੁਨੀਆਂ ਨੂੰ ਰਾਗਾਂ ਵਿੱਚ ਸੋਹਣੇ ਜੀਵਨ ਦੀਆਂ ਜੁਗਤੀਆਂ ਗਾ ਕੇ ਦੱਸੀਆਂ। ਪਾਖੰਡਾਂ ਤੋ ਪਰਦੇ ਲਾਹੇ। ਪਖੰਡੀਆਂ ਨੂੰ ਨੰਗਾ ਕੀਤਾ। ਇਹ ਸਾਰਾ ਕੁੱਝ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਂਭਿਆ ਪਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ 917 ਸ਼ਬਦ 17 ਰਾਗਾਂ ਵਿੱਚ ਸ਼ੁਸੋਭਤ ਹਨ। ਆਪ 25 ਸਾਲ ਪ੍ਰਚਾਰ ਫੇਰੀਆਂ ਤੇ ਰਹੇ। ਆਪ ਜੀ ਦੀ ਚੌਥੀ ਤੇ ਆਖਰੀ ਉਦਾਸੀ ਉੱਤਰ ਦੇ ਪਹਾੜਾਂ ਦੀਆਂ ਕੰਦਰਾਂ ਵਿੱਚ ਲੁਕੇ ਘਰ ਦੀਆਂ ਜੁਮੇਵਾਰੀਆਂ ਤੋਂ ਭਗੌੜੇ ਸਿੱਧਾਂ ਨੂੰ ਮਿਲੇ ਤੇ ਉਹਨਾਂ ਨਾਲ ਗਿਆਨ ਗੋਸਟਿ ਕੀਤੀ। ਇਹ ਸਾਰਾ ਵੇਰਵਾ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਿੱਧਿ ਗੋਸਟਿ ਵਿੱਚ ਦਰਜ ਹੈ। ਸਿੱਧ ਸਭਾ ਲਾਈ ਬੈਠੇ ਸਨ। ਗੁਰੂ ਨਾਨਕ ਸਾਹਿਬ ਜੀ ਨੇ ਜਾਂਦਿਆਂ ਹੀ ਰੱਬ ਦੀ ਉਸਤਤਿ ਦਾ ਜੈਕਾਰਾ ਗਜਾਇਆ। ਜੋ ਕਿ ਇਸ ਤਰਾਂ ਹੈ :-

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ।। ਤਿਸ ਆਗੈ ਰਹਿਰਾਸ ਹਮਾਰੀ ਸਾਚਾ ਅਪਮ ਅਪਾਰੋ ।। ਮਸਤਕੁ

ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ।। ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ।।

ਕਿਆ ਭਵੀਐ ਸਚਿ ਸੂਚਾ ਹੋਇ ।।

ਸਾਚ ਸਬਦ ਬਿਨੁ ਮੁਕਤ ਨਾ ਕੋਇ ।।੧॥ ਰਹਾਉ।

ਸਿਧਾਂ ਪੁੱਛਿਆ । ਤੂੰ ਕੌਣ ਹੈਂ। ਕਿਥੋਂ ਆਇਆ ? ਕੀ ਨਾਂ ਹੈ । ਤੇਰਾ ਇੱਥੇ ਆਉਣ ਦਾ ਮਕਸਦ ਕੀ ਹੈ ? ਗੁਰੂ ਜੀ ਨੇ ਜਵਾਬ ਦਿੱਤਾ :- ਗੁਰਮੁਖਿ ਅਤੇ ਸੰਤਾਂ ਦੀ ਭਾਲ਼ ਵਿੱਚ ਆਇਆ ਹਾਂ । ਸਿੱਧਾਂ ਫਿਰ ਪੁੱਛਿਆ । ਇਹ ਭੇਖ ਬਣਾਉਣ ਦਾ ਕੀ ਕਾਰਨ ਹੈ ? ਗੁਰੂ ਜੀ ਨੇ ਜਵਾਬ ਦਿੱਤਾ :-

ਗੁਰਮੁਖਿ ਖੋਜਤ ਭਏ ਉਦਾਸੀ ।।

ਦਰਸਨ ਕੈ ਤਾਈ ਭੇਖ ਨਿਵਾਸੀ ।।

ਸਾਚ ਵਖਰ ਕੇ ਹਮ ਵਣਜਾਰੇ ।।

ਨਾਨਕ ਗੁਰਮੁਖਿ ਉਤਰਸਿ ਪਾਰੇਂ ।। (939)

ਬਸ ! ਗਿਆਨ ਗੋਸਟਿ ਸੁਰੂ ਹੋ ਗਈ । ਇਸ ਗਿਆਨ ਗੋਸਟਿ ਦਾ ਵੇਰਵਾ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ ਨੰਬਰ 938 ਤੋਂ 944 ਤੱਕ ਅੰਕਤ ਹੈ । ਦਰਜ ਹੈ । ਗੁਰੂ ਜੀ ਨੇ ਸਾਰੀ ਦੁਨੀਆਂ ਪੈਦਲ ਗਾਹੀ । ਸਤਿਨਾਮੁ ਦਾ ਚੱਕਰ ਲਾ ਕੇ ਮਾਨਵ ਗੁਰੂ ਜਗਤ ਗੁਰੂ ਨਾਨਕ ਸਾਹਿਬ ਜੀ ਕਰਤਾਰਪੁਰ ਆਏ ਸਨ । ਭਾਈ ਗੁਰਦਾਸ ਜੀ ਨੇ ਇਸ ਨੂੰ ਇਉਂ ਬਿਆਨਿਆ ਹੈ :-

ਫਿਰਿ ਬਾਬਾ ਆਇਆ ਕਰਤਾਰਪੁਰ

ਭੇਖ ਉਦਾਸੀ ਸਗਲ ਉਤਾਰਾ ।।

ਪਹਿਰ ਸੰਸਾਰੀ ਕਪੜੇ

ਮੰਜੀ ਬੈਸਿ ਕੀਆ ਅਵਤਾਰਾ ।।

ਪ੍ਰੋ: ਪੂਰਨ ਸਿੰਘ ਜੀ ਨੇ ਕਰਤਾਰਪੁਰ ਵਿਖੇ ਗੁਰੂ ਜੀ ਬਾਰੇ ਇਉਂ ਲਿਖਿਆ ਹੈ । ਗੁਰੂ ਜੀ ਨੇ ਇੱਥੇ ਖੇਤੀ ਕਰਨੀ ਸੁਰੂ ਕੀਤੀ । ਕਣਕ ਉਗਾਈ । ਆਏ ਗਏ ਲਈ ਲੰਗਰ ਚਲਾਏ । ਜਿੱਥੇ ਜਿੱਥੇ ਭੀ ਗੁਰੂ ਜੀ ਗਏ ਸਨ ਸੰਗਤ ਚੱਲ ਕੇ ਕਰਤਾਰਪੁਰ ਆਉਂਦੀ ਰਹੀ । ਉਹਨਾਂ ਦੀ ਟਹਿਲ ਸੇਵਾ ਕਰਦੇ ਰਹਿੰਦੇ । ਪ੍ਰੇਮ ਭਿੱਜੀਆਂ ਸੰਗਤਾਂ ਗੁਰੂ ਜੀ ਨੂੰ ਆਪਣੇ ਹੱਥੀਂ ਕਿਰਤ ਕਰਦਿਆਂ ਨੂੰ ਦੇਖ ਅਸ਼ ਅਸ਼ ਕਰ ਉਠਦੀਆਂ ਅਤੇ ਸੇਵਾ ਵਿੱਚ ਆਪ ਜੀ ਦਾ ਹੱਥ ਵਟਾਉਂਦੀਆਂ ਰਹਿੰਦੀਆਂ ਅਤੇ ਗੁਰੂ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਕੇ ਪਰਤ ਜਾਂਦੀਆਂ । ਗੁਰੂ ਜੀ ਜਿਹਨਾਂ ਸਿਧਾਂਤਾਂ ਦਾ ਪ੍ਰਚਾਰ ਆਪਣੀਆਂ ਪ੍ਰਚਾਰ ਫੇਰੀਆਂ ਵਿੱਚ ਕਰਦੇ ਸਨ ਉਹ ਸਭ ਕਰ ਕੇ ਦਿਖਾਇਆ । ਇੱਥੇ ਕਰਤਾਰ ਪੁਰੇ ਹੀ ਭਾਈ ਲਹਿਣਾ ਜੀ ਨਾਲ ਮੇਲ ਹੋਇਆ ਸੀ । ਭਾਈ ਮਰਦਾਨਾ ਜੀ ਤਾਂ ਤੀਸਰੀ ਉਦਾਸੀ ਵੇਲੇ ਅਫਗਾਨਿਸਤਾਨ ਵਿਖੇ ਅੱਲ੍ਹਾ ਨੂੰ ਪਿਆਰੇ ਹੋ ਗਏ ਸਨ । ਭਾਈ ਮਰਦਾਨਾ ਜੀ ਨੇ ਆਖਰੀ ਸਾਹ ਗੁਰੂ ਨਾਨਕ ਸਾਹਿਬ ਜੀ ਦੀ ਗੋਦ ਵਿੱਚ ਲਿਆ ਸੀ । ਉਹਨਾਂ ਦਾ ਗੁਰੂ ਜੀ ਨੇ ਆਪਣੇ ਹੱਥੀਂ ਸੰਸਕਾਰ ਕੀਤਾ ਸੀ । ਭਾਈ ਮਰਦਾਨਾ ਜੀ ਕੋਲ ਇੱਕ ਲੋਟੇ ਵਿੱਚ ਪਾਣੀ ਤੇ ਇੱਕ ਝੋਲ਼ੇ ਵਿੱਚ ਸੁੱਕੀ ਗੋਹਲ ਸੀ । ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਦਫਨਾ ਕੇ ਉਹਨਾਂ ਦੇ ਚਰਨਾਂ ਵੱਲ ਮਿੱਟੀ ਪੋਲੀ ਕਰਕੇ ਗੋਹਲ ਭੋਰ ਦਿੱਤੀ ਤੇ ਲੋਟੇ ਦਾ ਪਾਣੀ ਪਾ ਦਿੱਤਾ ਸੀ । ਕਰਤਾਰ ਪੁਰ ਵਿਖੇ ਹੀ ਗੁਰੂ ਨਾਨਕ ਸਾਹਿਬ ਜੀ ਨੂੰ ਭੀ ਅਕਾਲ ਪੁਰਖ ਵਲੋਂ ਵਾਪਸੀ ਦਾ ਸੁਨੇਹਾ ਆ ਗਿਆ । ਆਪ ਜੀ ਨੇ ਗੁਰਗੱਦੀ ਭਾਈ ਲਹਿਣਾ ਜੀ ਨੂੰ ਸੌਂਪ ਕੇ ਉਹਨਾਂ ਨੂੰ ਆਪਣਾ ਅੰਗ ਬਣਾ ਕੇ ਗੁਰੂ ਅੰਗਦ ਕਰਕੇ ਜਾਂ ਸਥਾਪਿਤ ਕਰਕੇ 22-9-1539 ਨੂੰ ਜੋਤੀ ਜੋਤ ਸਮਾ ਗਏ ।

ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ ।।

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ।। (846)

ਜਨਮ ਸਾਖੀਆਂ ਵਾਲੇ ਲਿਖਦੇ ਹਨ ਕਿ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਹਿੰਦੂ ਮੁਸਲਮਾਨਾਂ ਵਿੱਚ ਮਤਭੇਦ ਹੋ ਗਿਆ । ਮੁਸਲਮਾਨ ਕਹਿੰਦੇ ਇਹ ਸਾਡਾ ਪੀਰ ਸੀ । ਅਸੀਂ ਦਫਨਾਉਣਾ ਹੈ । ਹਿੰਦੂ ਕਹਿੰਦੇ ।ਇਹ ਸਾਡਾ ਦੇਵਤਾ ਹੈ ਅਸੀਂ ਦਾਹ ਸੰਸਕਾਰ ਕਰਨਾ ਹੈ । ਕਹਿੰਦੇ ਭਾਈ ਲਹਿਣਾ ਜੀ ਨੇ ਮ੍ਰਿਤਕ ਦੇਹ ਤੋਂ ਚਾਦਰ ਹਟਾਈ ਤਾਂ ਹੇਠੋਂ ਫੁੱਲ ਨਿਕਲੇ । ਹਿੰਦੂ ਮੁਸਲਮਾਨਾਂ ਨੇ ਉਹ ਚਾਦਰ ਅੱਧੋ ਅੱਧ ਕਰ ਲਈ ਤੇ ਫੁੱਲ ਵੰਡ ਲਏ ਉਹਨਾਂ ਆਪੋ ਆਪਣੀ ਵਿੱਧੀ ਅਨੁਸਾਰ ਸੰਸਕਾਰ ਕਰ ਦਿੱਤਾ । ਉਸ ਵੇਲੇ ਹਿੰਦੂ ਮੁਸਲਮਾਨਾਂ ਦਾ ਪਿਆਰ

ਸ਼ਿਖਰਾਂ ਤੇ ਸੀ । 1947 ਵੇਲੇ ਇਹਨਾਂ ਦੋਹਾਂ ਕੌਮਾਂ ਦਾ ਬੇੜਾ ਹੀ ਬਹਿ ਗਿਆ। ਦੋਹਾਂ ਕੌਮਾਂ ਨੇ ਛੇਤੀ ਰਾਜ ਲੈਣ ਦੀ ਖਾਤਰ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਨਾਲ ਰੱਜ ਕੇ ਖਿਲਵਾੜ ਕੀਤਾ। ਅਤੇ ਗੁਰੂ ਨਾਨਕ ਸਾਹਿਬ ਜੀ ਦੇ ਵਾਰਸਾਂ ਨੂੰ ਦੁਰਕਾਰਿਆ ਗਿਆ। ਦੋਹਾਂ ਕੌਮਾਂ ਨੇ ਗੁਰੂ ਨਾਨਕ ਸਾਹਿਬ ਜੀ ਦੇ ਵਾਰਸਾਂ ਦਾ ਰੱਜ ਕੇ ਕਤਲੇਆਮ ਕੀਤਾ । ਇੰਗਲੈਂਡ ਦੇ ਰਾਜ ਕਰ ਰਹੇ ਅੰਗਰੇਜ਼ ਭੀ ਗੁਨਾਹਗਾਰ ਹਨ । ਇਹਨਾਂ ਸਾਰਿਆਂ ਨੂੰ ਖਮਿਆਜ਼ਾ ਭੁਗਤਣਾ ਪਵੇਗਾ । ਅੱਜ ਭੀ ਜੋ ਇਹਨਾਂ ਦੇ ਅਧੀਨ ਰਈਅਤ ਹੈ ਭਾਰੀ ਗਰੀਬੀ ਦੀ ਹਾਲਤ ਤੇ ਪਹੁੰਚੀ ਹੋਈ ਹੈ । ਅੱਜ ਇਹ ਪ੍ਰਮਾਣੂ ਯੁੱਧ ਦੇ ਕਗਾਰ ਤੇ ਖੜੇ ਹਨ । ਭਾਰਤ ਤੇ ਪਾਕਿਸਤਾਨ ਦਾ ਪੰਡਤ ਤੇ ਮੌਲਵੀ ਹੀ ਜਿੰਮੇਵਾਰ ਹਨ । ਹੁਣ 2019 ਵਿੱਚ ਇਹ ਦੋਵੇਂ ਕੌਮਾਂ ਮਾਨਵਤਾ ਦਾ ਗੁਰੂ ਜਗਤ ਗੁਰੂ ਨਾਨਕ ਪਾਤਸ਼ਾਹ ਜੀ ਦੇ ਨਾਮ ਤੇ ਡਰਾਮਾ ਕਰ ਰਹੇ ਹਨ। ਇੱਕ ਪਾਸੇ ਕਹਿੰਦੇ ਹਨ ਕਰਤਾਰ ਪੁਰ ਦਾ ਲਾਂਘਾ ਖੋਹਲ ਦਿੱਤਾ ਹੈ । ਅਜੋਕੀ ਮੰਨੂਵਾਦੀ ਸਰਕਾਰ ਨੇ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਕੇ ਪਾਕਿਸਤਾਨ ਦੇ ਨਨਕਾਣਾ ਸਾਹਿਬ ਤੋਂ ਅੰਤਰਰਾਸ਼ਟਰੀ ਨਗਰ ਕੀਰਤਨ ਕੱਢਿਆ। ਮੇਰੀ ਜਾਚੇ ਤਾਂ ਇਹ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਦਾ ਪੂਰਨ ਤੌਰ ਤੇ ਸਨਾਤਨੀਕਰਨ ਕਰਨ ਜਾ ਰਹੇ ਹਨ । ਇਹਨਾਂ ਮੰਨੂਵਾਦੀਆਂ ਨੇ ਪੂੰਜੀਪਤੀ ਸਿੱਖਾਂ ਨੂੰ ਲਾਲਚ ਅਤੇ ਡਰ ਨਾਲ ਆਪਣੇ ਨਾਲ਼ ਮਿਲਾ ਲਿਆ ਹੈ । ਹੈਰਾਨੀ ਦੀ ਗੱਲ ਦੇਖੋ! ਇੱਕ ਪਾਸੇ ਤਾਂ ਅੰਤਰਰਾਸ਼ਟਰੀ ਨਗਰ ਕੀਰਤਨ ਤੇ ਲਾਂਘਾ ਖੋਹਲਣ ਦੀਆਂ ਸਦਭਾਵਨਾ ਦੀਆਂ ਗੱਲਾਂ ਕਰ ਰਹੇ ਹਨ । ਦੂਜੇ ਪਾਸੇ ਪ੍ਰਮਾਣੂ ਯੁੱਧ ਦਾ ਮਹੌਲ ਸਿਰਜਿਆ ਹੋਇਆ ਹੈ । 9 ਲੱਖ ਫੌਜ ਕਸ਼ਮੀਰ ਵਿੱਚ ਤੈਨਾਤ ਕੀਤੀ ਹੋਈ ਹੈ ਕਸ਼ਮੀਰੀ ਮੁਸਲਮਾਨਾਂ ਨੂੰ ਇੱਕ ਮਹੀਨੇ ਤੋਂ ਬੰਦੀ ਗ੍ਰਹਿ ਕਰਕੇ ਤਾੜ ਰੱਖਿਆ ਹੈ। ਕਸ਼ਮੀਰ ਦੇ ਸਾਰੇ ਸੰਚਾਰ ਸਾਧਨ ਬੰਦ ਕਰ ਰੱਖੇ ਹਨ । ਲਗਦਾ ਹੈ ਇਹਨਾਂ ਵਿੱਚ ਹਿਟਲਰ ਦੀ ਰੂਹ ਆ ਗਈ । ਹਿਟਲਰ ਨੇ ਭੀ ਯਹੂਦੀਆਂ ਨੂੰ ਗੈਸ ਚੈਬਰਾਂ ਵਿੱਚ ਤਾੜ ਕੇ ਮਾਰ ਦਿੱਤਾ ਸੀ । ਹੁਣ ਇਹ ਮੰਨੂਵਾਦੀ ਸਰਕਾਰ ਭੀ ਕਸ਼ਮੀਰੀ ਮੁਸਲਮਾਨਾਂ ਨੂੰ ਭੁੱਖੇ ਪਿਆਸੇ ਰੱਖ ਕੇ ਕਸ਼ਮੀਰ ਦੇ ਨੇਤਾਵਾਂ ਨੂੰ ਮਜਬੂਰ ਕਰਕੇ ਮਨ ਚਾਹੇ ਦਸਤਾਵੇਜ਼ਾਂ ਤੇ ਦਸਤਖਤ ਕਰਾਏਗੀ । ਉਹਨਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਖਤਮ ਕਰਕੇ ਕਸ਼ਮੀਰ ਨੂੰ ਆਪਣੇ ਚਹੇਤਿਆਂ ਅੰਬਾਨੀਆਂ ਅੰਦਾਨੀਆ ਨੂੰ ਠੇਕੇ ਤੇ ਦੇ ਦੇਵੇਗੀ। ਇਹਨਾਂ ਮੰਨੂਵਾਦੀਆਂ ਦੀ ਨੀਤੀ ਹੈ ਦੇਸ਼ ਦੀ ਕੁੱਲ ਪੂੰਜੀ ਆਪਣੀ ਮੁੱਠੀ ਵਿੱਚ ਕਰਨਾ ਤੇ ਲੋਕਾਂ ਨੂੰ ਪਾਖੰਡਾਂ ਵਿੱਚ ਉਲਝਾ ਕੇ ਸਦੀਵੀ ਰਾਜ ਕਰਨਾ । ਕਿਉਂਕਿ ਮੰਨੂਵਾਦੀ ਫਾਰਮੂਲਾ :- ਪੂੰਜੀ +ਪਾਖੰਡ ਹੀ ਹੈ । ਗੁਰੂ ਨਾਨਕ ਸਾਹਿਬ ਜੀ ਦਾ ਸਿਧਾਂਤ ਬਰਾਬਰਤਾ ਤੇ ਸੱਚ । ਮਜ਼ਲੂਮਾਂ ਦੇ ਹੱਕ ਵਿੱਚ ਖੜਨਾ। ਔਰੰਗਜ਼ੇਬ ਵੇਲੇ ਭੀ ਔਰੰਗਜ਼ੇਬ ਨੇ ਭਾਰਤ ਦਾ ਇਸਲਾਮੀਕਰਨ ਕਰਨਾ ਕਸ਼ਮੀਰ ਤੋਂ ਹੀ ਸੁਰੂ ਕੀਤਾ ਸੀ । ਉਹਨੂੰ ਭੀ ਵਹਿਮ ਹੋ ਗਿਆ ਸੀ ਕਿ ਉਹ ਲੋਕਾਂ ਨੂੰ ਅੱਲ੍ਹਾ ਨਾਲ ਜੋੜ ਕੇ ਪੁੰਨ ਦਾ ਕੰਮ ਕਰ ਰਿਹਾ ਹੈ । ਉਸ ਵੇਲੇ ਮਜ਼ਲੂਮ ਹਿੰਦੂ ਸੀ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਵਾਰਿਸ ਸਿੱਖ, ਹਿੰਦੂ ਨਾਲ ਖੜੇ ਸਨ। ਉਦੋਂ ਕੇਵਲ ਹਾਅ ਦਾ ਨਾਅਰਾ ਹੀ ਨਹੀਂ ਸੀ ਮਾਰਿਆ ਬਲਕਿ ਜ਼ੁਲਮ ਦੇ ਖਿਲਾਫ ਆਪਣਾ ਸਭ ਕੁੱਝ ਕੁਰਬਾਨ ਕੀਤਾ ਸੀ । ਅੱਜ ਭਾਰਤ ਦਾ ਮੁਸਲਮਾਨ ਮਜ਼ਲੂਮ ਹੈ ਗੁਰੂ ਨਾਨਕ ਸਾਹਿਬ ਜੀ ਦੇ ਵਾਰਿਸ ਸਿੱਖ ਮੁਸਲਮਾਨਾਂ ਨਾਲ ਖੜੇ ਹਨ। ਅੱਜ ਕੱਲ੍ਹ ਸੋਸ਼ਲ ਮੀਡੀਏ ਤੇ ਖਬਰਾਂ ਚੱਲ ਰਹੀਆਂ ਨੇ ਕਿ ਕਸ਼ਮੀਰੀ ਮੁਸਲਮਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਦੀ ਸਜਾ ਮੰਨੂਵਾਦੀ ਸਰਕਾਰਾਂ ਨੇ ਭਾਖੜੇ ਦਾ ਗੇਟ ਖੋਲ੍ਹ ਕੇ ਪੰਜਾਬ ਵਿੱਚ ਹੜ੍ਹ ਦੀ ਹਾਲਤ ਪੈਦਾ ਕੀਤੀ ਹੈ। ਭਾਰਤ ਦੀ ਆਮ ਜਨਤਾ ਨੂੰ ਰਾਮ ਰਾਜ ਦੇ ਸਬਜ ਬਾਗ ਦਿਖਾਉਂਦੇ ਹਨ। ਲੋਕਾਂ ਦਾ ਧਿਆਨ ਕਸ਼ਮੀਰ ਵਾਲੇ ਪਾਸੇ ਤੋਂ ਹਟਾਉਣ ਲਈ ਦਿੱਲੀ ਦੇ ਤੁਗਲਕਾਬਾਦ ਵਿੱਚ 500 ਸਾਲ ਪੁਰਾਣੇ ਦਲਿਤ ਮੰਦਰ ਨੂੰ ਢਾਅ ਦਿੱਤਾ ਗਿਆ। ਰੋਸ਼ ਜਤਾ ਰਹੇ ਪੰਜਾਬ ਹਰਿਆਣਾ ਦੇ ਦਲਿਤਾਂ ਤੇ ਲਾਠੀ ਚਾਰਜ ਕੀਤਾ ਗਿਆ। ਬੇਸ਼ੱਕ ਇਹ ਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਗੁਰਪੁਰਬ ਮਨਾਉਣ ਦਾ ਢੌਂਗ ਜਰੂਰ ਕਰ ਰਹੇ ਹਨ ਪਰ ਇਹਾਂ ਗੁਰੂ ਨਾਨਕ ਸਾਹਿਬ ਜੀ ਦੇ ਨਾਮ ਤੇ ਬਣੇ ਪੁਰਾਣੇ ਗੁਰਦੁਆਰੇ ਢਾਅ ਰਹੇ ਹਨ ਉਹਨਾਂ ਨੂੰ ਸਨਾਤਨੀ ਮੰਦਰਾਂ ਵਿੱਚ ਤਬਦੀਲ ਕਰ ਰਹੇ ਹਨ ਜਿਵੇਂ ਕਿ ਹਰਦੁਆਰ ਦਾ

ਗੁਰਦੁਆਰਾ ਗਿਆਨ ਗੋਦੜੀ, ਡਾਂਗਮਾਰ ਗੁਰਦੁਆਰਾ, ਲੇਹ ਲਦਾਖ ਦਾ ਗੁਰਦੁਆਰਾ ਪੱਥਰ ਸਾਹਿਬ ਆਦਿ। ਅੰਤਰਰਾਸ਼ਟਰੀ ਕਾਨੂੰਨ ਹੈ ਕਿ ਕੋਈ ਭੀ ਦੇਸ਼ ਪੁਰਾਤਨ ਇਤਿਹਾਸਕ ਨਿਸ਼ਾਨੀਆਂ ਨਹੀਂ ਮਿਟਾਏਗਾ। ਭਾਰਤ ਦੇ ਸੰਵਿਧਾਨ ਵਿੱਚ ਭੀ ਲਿਖਿਆ ਹੋਇਆ ਹੈ। ਗੁਰੂ ਨਾਨਕ ਸਾਹਿਬ ਜੀ ਦੇ ਵਾਰਿਸ ਚਾਹੁੰਦੇ ਹਨ ਕਿ ਭਾਰਤੀ ਸਰਕਾਰ ਕਿਸੇ ਭੀ ਪਾਰਟੀ ਦੀ ਹੋਵੇ ਘੱਟੋ ਘੱਟ ਉਹ ਆਪਣੇ ਸੰਵਿਧਾਨ ਅਨੁਸਾਰ ਇਮਾਨਦਾਰੀ ਨਾਲ ਚਲਦੇ ਰਹਿਣ। ਕਿਸੇ ਨਾਲ ਕੋਈ ਪੱਖਪਾਤ ਨਾ ਹੋਵੇ। ਪਰ ਇਹ ਮੰਨੂਵਾਦੀ ਸਰਕਾਰਾਂ ਆਪਣੇ ਈਸ਼ਵਰ ਦੀ ਸੌਂਹ ਖਾ ਕੇ ਕਿ ਉਹ ਸੰਵਿਧਾਨ ਦੀ ਰੱਖਿਆ ਕਰਨਗੇ ਨੂੰ ਛਿੱਕੇ ਟੰਗ ਕੇ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੇ ਹਨ। ਭਾਰਤ ਹਿੰਦੂ, ਮੁਸਲਮਾਨ, ਸਿੱਖ ਤੇ ਇਸਾਈਆਂ ਆਦਿ ਦਾ ਸਾਂਝਾ ਦੇਸ ਹੈ। ਗੁਰੂ ਨਾਨਕ ਸਾਹਿਬ ਜੀ ਦੇ ਵਾਰਿਸਾਂ ਦਾ ਫਰਜ਼ ਹੈ ਕਿ ਉਹ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਤੇ ਪਹਿਰਾ ਦੇਂਦੇ ਰਹਿਣ। ਬੇਸ਼ੱਕ ਗੁਰੂ ਨਾਨਕ ਸਾਹਿਬ ਜੀ ਨੇ ਚੇਤਾਵਨੀ ਦਿੱਤੀ ਹੈ ਕਿ ਭਾਈ ! ਇਹ ਰਸਤਾ ਔਖਾ ਹੈ। ਇਸ ਰਸਤੇ ਤੇ ਚੱਲਣ ਲਈ ਸ਼ੀਸ ਤਲੀ ਤੇ ਰੱਖ ਕੇ ਚਲਣਾ ਪਵੇਗਾ। ਫੁਰਮਾਇਆ :-

ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨਾ ਕੀਜੈ ॥

ਗੁਰੂ ਨਾਨਕ ਸਾਹਿਬ ਜੀ ਦੇ ਵਾਰਿਸਾਂ ਦਾ ਪਹਿਲਾ ਕੰਮ ਇਹ ਹੈ ਕਿ ਸਭ ਨੂੰ ਇੱਕ ਅਕਾਲ ਪੁਰਖ ਦੇ ਬੱਚੇ ਸਮਝ ਕੇ ਆਪਸੀ ਪ੍ਰੇਮ ਪਿਆਰ ਨਾਲ ਰਹਿਣ। ਖਾਸ ਤੌਰ ਤੇ ਉਹਨਾਂ ਨੀਵਿਆਂ ਨਿਤਾਣਿਆਂ ਨੂੰ ਜਿਹਨਾਂ ਨੂੰ ਮੰਨੂਵਾਦੀਆਂ ਨੇ ਨੀਚ ਸਮਝ ਕੇ ਸਦੀਆਂ ਤੋਂ ਦੁਰਕਾਰਿਆ ਹੋਇਆ ਹੈ। ਇਹ ਕੰਮ ਸਭ ਤੋਂ ਔਖਾ ਹੈ ਏਸੇ ਕਰਕੇ ਗੁਰੂ ਨਾਨਕ ਸਾਹਿਬ ਜੀ ਨੇ ਇਸ ਕੰਮ ਨੂੰ ਹੱਥ ਪਾਇਆ ਸੀ ਤੇ ਰੱਬ ਦੀ ਬਖਸ਼ਿਸ਼ ਪ੍ਰਾਪਤ ਕੀਤੀ ਸੀ। ਕਿਸੇ ਗਰੀਬ ਨੀਚ ਸਮਝੇ ਜਾਂਦੇ ਮਨੁੱਖ ਨੂੰ ਬਰਾਬਰ ਦੀ ਤੇ ਖਹਿਵੀਂ ਕੁਰਸੀ ਤੇ ਬੈਠਾ ਕੇ ਮਾਣ ਸਤਿਕਾਰ ਦੇਣਾ। ਗੁਰੂ ਨਾਨਕ ਸਾਹਿਬ ਜੀ ਅਨੁਸਾਰ ਇਸ ਤਰਾਂ ਕਰਨ ਨਾਲ ਰੱਬ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ। ਆਪ ਨੇ ਫੁਰਮਾਇਆ :-

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।

ਪੂੰਜੀਪਤੀ ਜਾਤ ਅਹੰਕਾਰੀ ਅਖੌਤੀ ਸਿੱਖਾਂ ਦੇ ਸਮਝ ਆਉਣ ਵਾਲੀ ਗੱਲ ਨਹੀਂ ਹੈ। ਉਹ ਤਾਂ ਸਭ ਕੁੱਝ ਉਹਨਾਂ ਤੋਂ ਭਾਲ਼ਦੇ ਹਨ ਜਿਹੜੇ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਨੂੰ ਰੋਲਣ ਲੱਗੇ ਹੋਏ ਹਨ। ਇਹੋ ਜਿਹੇ ਅਖੌਤੀ ਸਿੱਖਾਂ ਦੀ ਹਾਲਤ ਇਸ ਤਰਾਂ ਬਿਆਨ ਕਰਦੇ ਹਨ :-

ਕੁੱਝ ਅੰਨ ਦੇ ਕੁੱਝ ਧੰਨ ਦੇ।
ਕੁੱਝ ਪਹਾੜਾਂ ਵਾਲੀ ਰੰਨ ਦੇ।
ਕੁੱਝ ਢੋਲ ਢਮੱਕਾ ਸਰਵਰ ਦਾ।
ਕੁੱਝ ਹਿੜਵਸ ਬਾਬੇ ਨਾਨਕ ਦੀ।


ਜਗਤ ਗੁਰੂ ਨਾਨਕ ਸਾਹਿਬ ਜੀ ਨੇ ਠੀਕ ਜੀਣ ਦਾ ਇਹ ਤਰੀਕਾ ਦੱਸਿਆ :- ਕਿ ਭਾਈ ! ਬੇਸ਼ਰਮ ਹੋਕੇ ਜੀਣ ਨਾਲੋਂ ਮੌਤ ਕਿਤੇ ਚੰਗੀ ਹੈ। ਬੇਸ਼ਰਮ ਹੋ ਕੇ ਐਸ਼ ਕਰਨਾ, ਖਾਣਾ ਪੀਣਾ ਤੇ ਪਹਿਨਣਾ ਸਭ ਹਰਾਮ ਹੈ। ਮੁਰਦਾ ਜੀਵਨ ਹੈ। ਰਾਜ ਦੀ ਮਸਤੀ ਵਿੱਚ ਜਿਉਣਾ ਤੇ ਜਮੀਨ ਜਾਇਦਾਦ ਦੇ ਨਸ਼ੇ ਵਿੱਚ ਜਿਉਣਾ ਬੇਸ਼ਰਮ ਤੇ ਨੰਗੇ ਹੋ ਕੇ ਨੱਚਦੇ ਫਿਰਨਾ ਹੈ। ਆਪਣੇ ਅਮੋਲਕ ਜੀਵਨ ਨੂੰ ਐਵੇਂ ਗੁਆ ਕੇ ਇਥੋਂ ਤੁਰਦੇ ਜਾਣਾ ਹੈ। ਬੇਸ਼ਰਮ ਤੇ ਬੇਆਬਰੂ ਹੋਕੇ ਇਸ ਧਰਤੀ ਤੋਂ ਦਫਾ ਹੋਣਾ ਹੈ।

ਆਪ ਜੀ ਨੇ ਸ਼ਪਸਟ ਫੁਰਮਾਇਆ :-

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥
ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ॥
ਨਾਨਕ ਠਗਿਆ ਮੁਠਾ ਜਾਇ ॥
ਵਿਣੁ ਨਾਵੈ ਪਤਿ ਗਇਆ ਗਵਾਇ ॥ (ਪੰਨਾ 142)

9914701469

****



ਬੇਅੰਤਾ ਬੇਅੰਤ ਗੁਣ ਤੇਰੇ

ਡਾ: ਰਛਪਾਲ ਸਿੰਘ, ਕੈਲੇ ਕਲਾਂ

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ।।(ਅੰਗ 1395)

ਸਰਬ ਵਿਆਪੀ ਪਾਰਬ੍ਰਹਮ ਪਰਮੇਸਰ, ਕਲਜੁਗੀ ਜੀਵਾਂ ਦੇ ਉਧਾਰ ਕਰਨ ਲਈ, ਮਨੁੱਖਾ ਦੇਹ ਧਾਰ ਕੇ, ਖੁਦ ਪ੍ਰਗਟ ਹੋਏ ਅਤੇ ਉਸਦਾ ਨਾਮ ''ਨਾਨਕ'' ਰੱਖਿਆ ਗਿਆ । ਇਸ ਵਿੱਚ ਰੱਤੀ ਭਰ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਹੈ ਕਿਉਂਕਿ ਜੋ ਵਿਅਕਤੀ ਆਪਣੇ ਗੁਰੂ ਤੇ ਰੱਤੀ ਭਰ ਵੀ ਸ਼ੰਕਾ ਕਰਦਾ ਹੈ, ਉਹ ਗੁਰੂ ਦਾ ਸਿੱਖ ਨਹੀਂ ਹੋ ਸਕਦਾ । ਸਾਡੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਤਾਂ ਇਹੀ ਗੱਲ ਕਹਿ ਰਹੇ ਹਨ :

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ ।। (ਅੰਗ 1408)

ਅਰਥਾਤ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਹਰਿ ਪਰਮੇਸਰ ਜੀ ਇੱਕੋ ਹੀ ਹਨ । ਤਾਂ ਫਿਰ ਪਰਮੇਸਰ ਜੀ (ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅੰਤ ਕੌਣ ਜਾਣ ਸਕਦਾ ਹੈ? ....ਉਹ ਬੇਅੰਤ ਹੈ, ਅਪਰੰਪਰ ਹੈ, ਮਨੁੱਖੀ ਅਕਲ, ਬੁੱਧੀ ਅਤੇ ਚਤੁਰਾਈਆਂ ਤੋਂ ਪਰ੍ਹੇ ਦੀ ਗੱਲ ਹੈ .....ਮਨੁੱਖੀ ਅਕਲ ਲਈ ਅਚੰਭਾ ਹੈ । ਆਉ ਜਰਾ ! ਇਸ ''ਸਭ ਤੋਂ ਵੱਡਾ ਸਤਿਗੁਰ ਨਾਨਕ'' ਦੇ ਬਾਰੇ ਵਿੱਚ ਕੁਝ ਜਾਣ ਲਈਏ –

1. ਜਨਮ ਸਮੇਂ, ਦਾਈ ਦੌਲਤਾਂ ਅਤੇ ਪੰਡਤ ਹਰਦਿਆਲ, ਨੇ ਇਸ ਬਾਲਕ ਨੂੰ ''ਅਨੋਖਾ ਬਾਲਕ'' ਆਖਿਆ ।

2. ਪਾਂਧੇ ਗੋਪਾਲ ਦਾਸ ਅਤੇ ਮੌਲਵੀ ਕੋਲ ਪੜ੍ਹਨ ਲਈ ਗਏ, ਤੇ ਦੋਵਾਂ ਵਿਦਵਾਨ ਅਧਿਆਪਕਾਂ ਨੂੰ ਨਿਰ-ਉੱਤਰ ਕਰ ਦਿੱਤਾ । ਦੋਵਾਂ ਤੋਂ ਪੜ੍ਹਨ ਦੀ ਥਾਂ, ਸਗੋਂ ਉਨ੍ਹਾਂ ਨੂੰ ਪੜ੍ਹਾ ਕੇ/ਸੱਚ ਮਾਰਗ ਦਾ ਉਪਦੇਸ਼ ਦੇ ਕੇ ਆਏ । ਉਨ੍ਹਾਂ ਉਸਤਾਦਾਂ ਦੇ ਵੀ, ਆਪ ਜੀ ''ਗੁਰੂ'' ਬਣ ਗਏ । ਕਿਉਂਕਿ ਆਪ ਜੀ ਤਾਂ ਧੁਰ ਦਰਗਾਹੀ ਗੁਰੂ ਸਨ ।

3. ਜਨੇਊ ਦੀ ਪਰੰਪਰਾਗਤ ਨਿਰਾਰਥਕ ਰਸਮ ਦਾ ਰੂਪਾਂਤਰਣ ਕਰਕੇ ਸੂਤ ਦਾ ਕੱਚਾ ਜਨੇਊ ਤਿਆਗ ਕੇ, ਗੁਰੂ ਜੀ ਨੇ ਉਨ੍ਹਾਂ ਨੂੰ ਅਸਲ ਜਨੇਊ, ਦਇਆ (ਕਪਾਹ), ਸੰਤੋਖ (ਸੂਤ), ਜਤ (ਗੰਢੀ), ਸਤ (ਵੱਟ) ਦਾ ਜਨੇਊ ਪਹਿਨਣ ਦਾ ਉਪਦੇਸ਼ ਦਿੰਦਿਆਂ ਹੋਇਆਂ ਦੱਸਿਆ ਕਿ ਇਹ ਜਨੇਊ ਕਦੇ ਵੀ ਟੁੱਟਦਾ ਨਹੀਂ, ਗੰਦਾ ਨਹੀਂ ਹੁੰਦਾ । ਸਦੀਵੀ ਲੋਕ ਪਰਲੋਕ ਵਿੱਚ ਜੀਵ ਦੇ ਨਾਲ ਨਿਭਦਾ ਹੈ । ਅਜਿਹਾ ਸੱਚ ਦਾ ਜਨੇਊ ਧਾਰਣ ਕਰੋ । ਸਭ ਦੇ ਹੱਥ ਜੁੜ ਗਏ । ਧੌਣਾਂ ਨੀਵੀਂਆਂ ਹੋ ਗਈਆਂ । ਉਦੋਂ ਗੁਰੂ ਜੀ ਦੀ ਉਮਰ ਲਗਭਗ ਦਸ ਕੁ ਸਾਲ ਦੀ ਸੀ । ਏਨੀ ਛੋਟੀ ਉਮਰ ਦੇ ਬਾਲਕ ਨੇ ਪੰਡਤਾਂ ਅਤੇ ਸ਼ਾਸਤਰਾਂ ਦੇ ਪ੍ਰਾਚੀਨ ਅਧਿਕਾਰ ਨੂੰ ਵੰਗਾਰਿਆ। ਸਾਰੇ ਲੋਕ ਹੈਰਾਨ ਰਹਿ ਗਏ। ਕਰਮਕਾਂਡੀਆਂ ਦੇ ਪੱਕੇ ਭਰਮ ਜਾਲ ਦੇ ਕਿਲ੍ਹੇ ਨੂੰ ਢਾਉਣ ਦੀ, ਇਹ ਬਾਲਕ ਗੁਰੂ ਨਾਨਕ ਦੇਵ ਜੀ ਦੀ ਵੱਡੀ ਅਤੇ ਪਹਿਲੀ ਜਿੱਤ ਸੀ। ਜਿਸ ਤੇ ਸਭ ਨੂੰ ਕਹਿਣਾ ਹੀ ਪਿਆ :

''ਧੰਨ ਨਾਨਕ ਤੇਰੀ ਵੱਡੀ ਕਮਾਈ, ਕਿੰਨੈ ਤੇਰਾ ਅੰਤ ਨਾ ਪਾਇਆ ।''

4. ਤਲਵੰਡੀ (ਨਨਕਾਣਾ ਸਾਹਿਬ) ਵਿਖੇ ਮੱਝਾਂ ਚਾਰਨ ਲਈ ਗਏ, ਮੱਝਾਂ ਨੇ ਇੱਕ ਜ਼ਿੰਮੀਦਾਰ ਦਾ ਖੇਤ ਚਰ ਲਿਆ । ਜ਼ਿੰਮੀਦਾਰ ਨੇ ਬਾਲਕ ਗੁਰੂ ਜੀ ਦੀ ਸ਼ਿਕਾਇਤ ਕੀਤੀ । ਗੁਰੂ ਜੀ ਨੇ, ਪਿਆਰ ਭਰੀ ਨਿਗਾਹ ਨਾਲ ਫਸਲ ਵੱਲ ਵੇਖ ਕੇ, ਬੜੇ ਠਰ੍ਹਮੇ ਨਾਲ ਉੱਤਰ ਦਿੱਤਾ :-

''ਸਾਰੇ ਜਗਤ ਦੇ ਪਾਲਕ ਰਿਜਕਦਾਤਾ ਦੀ ਮਿਹਰ ਨਾਲ ਜ਼ਿੰਮੀਦਾਰ ਦਾ ਖੇਤ ਹਰਾ ਭਰਾ ਹੈ ।''

ਸਾਰੇ ਹੈਰਾਨ ਰਹਿ ਗਏ । ਸਿਆਣੇ ਲੋਕ ਸਮਝ ਗਏ ਕਿ ਦੁਨੀਆਂ ਦੀਆਂ ਰਿੱਧੀਆਂ ਸਿੱਧੀਆਂ, ਇਸ ਬਾਲਕ ਗੁਰੂ ਦੇ ਪੈਰ ਚੁੰਮ੍ਹ ਦੀਆਂ ਹਨ ।

5. ਜਦੋਂ ਆਪ ਜੀ ਮੱਝਾਂ ਚਾਰਨ ਗਏ, ਲੰਮੇ ਪੈ ਗਏ, ਫਨਿਆਰ ਨਾਗ ਨੇ ਫੰਨ੍ਹ ਖਲਾਰ ਕੇ, ਗੁਰੂ ਜੀ ਦੇ ਮੂੰਹ ਤੇ ਛਾਂ ਕੀਤੀ । ਇਹ ਕਿਸੇ ਅਚੰਭੇ ਤੋਂ ਘੱਟ ਨਹੀਂ ਸੀ । ਅਜਿਹਾ ਕੌਤਕ ਕੇਵਲ ਤਾਂ ਕੇਵਲ ਗੁਰੂ ਨਾਨਕ ਨਿਰੰਕਾਰੀ ਨਾਲ ਹੀ ਹੋ ਸਕਦਾ ਸੀ ....ਬਾਕੀ ਸੰਸਾਰੀ ਲੋਕਾਂ ਨੂੰ ਤਾਂ ਸੱਪ ਡੰਗ ਮਾਰਦੇ ਹਨ ।

ਧੰਨ ਹੋ ਤੁਸੀਂ ਗੁਰੂ ਬਾਬਾ ਜੀ ! ....ਕਿੰਨੈ ਤੇਰਾ ਅੰਤ ਨਾ ਪਾਇਆ ।''

6. ਜੇਕਰ ਗੁਰੂ ਜੀ ਦੇ ਵਿਆਹ ਦੀ ਗੱਲ ਕਰ ਲਈਏ ਤਾਂ ਕੌਣ ਨਹੀਂ ਜਾਦਦਾ ? ਕਿ ਇਸ ਨੂਰਾਨੀ ਗੁਰੂ ਬਾਬੇ ਦੇ ਬੋਲ –

''ਢੱਠਣੀ ਨਹੀਂ ਜੁਗ ਚਾਰ, ਇਹ ਕੰਧ ਢੱਠਣੀ ਨਹੀਂ ।''

ਅਜੇ ਵੀ ਗੁਰਦੁਆਰਾ ਸ੍ਰੀ ਕੰਧ ਸਾਹਿਬ ਬਟਾਲਾ (ਗੁਰਦਾਸਪੁਰ) ਵਿਖੇ, ਗੁਰੂ ਜੀ ਦੇ ਵਿਆਹ ਦੀ ਯਾਦਗਾਰ ਸੁਸ਼ੋਭਤ ਹੈ ।

7. ਪਿਤਾ ਜੀ ਕੋਲੋਂ ਵੀਹ ਰੁਪਏ ਲੈ ਕੇ, ਭਾਈ ਮਰਦਾਨਾ ਜੀ ਦੇ ਨਾਲ, ਚੂਹੜ ਕਾਣਾ ਮੰਡੀ ਗਏ । ਰਸਤੇ

ਵਿੱਚ ਕੁਝ ਸਾਧੂਆਂ ਦਾ ਟੋਲਾ, ਪ੍ਰਭੂ ਬੰਦਗੀ ਕਰਦੇ ਹੋਏ ਦੇਖਿਆ । ਕੋਈ ਸਾਧੂ ਪੁੱਠਾ ਲਟਕਿਆ ਹੋਇਆ ਸੀ, ਕੋਈ ਅੱਗ ਬਾਲ ਕੇ ਤੱਪ ਕਰ ਰਿਹਾ ਸੀ, ਕੋਈ ਸਿਰ ਵਿੱਚ ਜਲਧਾਰਾ ਕਰ ਰਿਹਾ ਸੀ............ ਕੋਈ ਹੋਰ ਕਿਸੇ ਤਰ੍ਹਾਂ.......... ਕੋਈ ਕਿਸੇ ਤਰ੍ਹਾਂ ਪ੍ਰਭੂ ਬੰਦਗੀ ਵਿੱਚ ਲੀਨ ਸਨ । ਗੁਰੂ ਬਾਬਾ ਜੀ ਨੇ ਭੁੱਖੇ ਸਾਧੂਆਂ ਨੂੰ, ਲੰਗਰ ਲਗਾ ਕੇ ਭੋਜਨ ਛਕਾਇਆ । ਇਸ ਪ੍ਰਕਾਰ, ਤ੍ਰਿਪਤ ਹੋਏ ਸਾਧੂਆਂ ਨੂੰ ਉਪਦੇਸ਼ ਕੀਤਾ :-

''ਭੁੱਖੇ ਰਹਿਣ ਨਾਲ ਪ੍ਰਭੂ ਬੰਦਗੀ ਨਹੀਂ ਹੋ ਸਕਦੀ, ਜੇਕਰ ਧਿਆਨ ਢਿੱਡ ਦੀ ਭੁੱਖ ਵੱਲ ਹੀ ਰਹੇ ਤਾਂ ਬੰਦਗੀ ਕੈਸੀ ?' ਗ੍ਰਹਿਸਤ ਵਿੱਚ ਰਹਿ ਕੇ ਕਿਰਤ ਕਰੋ । ਇਸ ਦੇ ਨਾਲ ਨਾਲ 'ਨਾਮ ਜਪੋ' । ....ਅਤੇ ਸਭ ਨਾਲ 'ਵੰਡ ਕੇ ਛਕੋ' । ਅਜਿਹੀ ਬੰਦਗੀ ਹੀ ਪਰਮਾਤਮਾ ਦੇ ਦਰ ਤੇ ਪਰਵਾਨ ਹੁੰਦੀ ਹੈ ।''

ਅਜਿਹਾ 'ਸੱਚ ਦਾ ਸੌਦਾ' ਗੁਰੂ ਬਾਬੇ ਜੀ ਤੋਂ ਬਿਨ੍ਹਾਂ, ਹੋਰ ਕੌਣ ਕਰ ਸਕਦਾ ਸੀ ? ਤਾਹਿਉਂ ਹੀ ਤਾਂ ਗੁਰੂ ਜੀ ਨੂੰ 'ਸਭ ਤੇ ਵੱਡਾ' ਕਿਹਾ ਗਿਆ ਹੈ ।

ਧੰਨ ਨਾਨਕ ਤੇਰੀ ਵੱਡੀ ਕਮਾਈ, ਕਿਨੈ ਤੇਰਾ ਅੰਤ ਨਾ ਪਾਇਆ ।

8. ਕੁਝ ਦਿਨ ਗੁਰੂ ਜੀ ਬਿਲਕੁਲ ਚੁੱਪ ਰਹੇ । ਨਾ ਹੀ ਭੋਜਨ ਛਕਣ ਅਤੇ ਨਾ ਹੀ ਕਿਸੇ ਨਾਲ ਬੋਲਣ । ਆਪ ਜੀ ਦਾ 'ਰੋਗ' ਪਛਾਨਣ੍ਹ ਲਈ ''ਵੈਦ'' ਆਇਆ । ਵੈਦ ਨੇ ਗੁਰੂ ਜੀ ਦੀ ਨਬਜ ਵੇਖੀ, ਕੋਈ ਨੁਕਸ ਨਾ ਲੱਭਾ । ਸਰੀਰ ਬਿਲਕੁਲ ਠੀਕ ਠਾਕ ਸੀ, ਅਰੋਗ ਸੀ । ਹੁਣ ਵੈਦ ਦਵਾਈ ਕਿਹੜੀ ਦੇਵੇ ?.......... ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਤੇਰੀ ਵਿੱਦਿਆ, ਦਵਾਈ, ਅਕਲ ਅਤੇ ਮਿਹਨਤ ਏਥੇ ਕੋਈ ਅਸਰ ਨਹੀਂ ਕਰ ਸਕਦੀ । ਮੇਰੇ ਸ਼ਰੀਰ ਵਿੱਚ ਜੋ ਰੋਗ ਹੈ ਉਸਦੀ ਤੈਨੂੰ ਸਮਝ ਨਹੀਂ । ਮੇਰੇ ਦਿਲ ਵਿੱਚ ਇੱਕ ਅਨੋਖਾ ਦਰਦ ਹੈ, ਜਿਸ ਬਾਰੇ ਤੂੰ ਨਹੀਂ ਜਾਣਦਾ । ਸਿਆਣੀ ਉਮਰ ਦਾ ਵੈਦ, ਹੈਰਾਨ ਰਹਿ ਗਿਆ, ਜਦੋਂ ਗੁਰੂ ਜੀ ਨੇ ਉਸ ਨੂੰ ਆਖਿਆ, ''ਤੂੰ ਤਾਂ ਆਪ ਰੋਗੀ ਹੈਂ, ਪਹਿਲਾਂ ਆਪਣਾ ਰੋਗ ਦੂਰ ਕਰ, ਫਿਰ ਤੂੰ ਵੈਦ ਅਖਵਾ ਸਕਦਾ ਹੈਂ ।''

ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ।।(ਅੰਗ 1279)

ਅਜਿਹਾ ਦਲੇਰੀ ਅਤੇ ਸੱਚ ਭਰਿਆ ਉਪਦੇਸ਼, ਗੁਰੂ ਜੀ ਤੋਂ ਬਿਨਾ ਹੋਰ ਕੌਣ ਕਰ ਸਕਦਾ ਸੀ ?

.....................ਧੰਨ ਨਾਨਕ ਤੇਰੀ ਵੱਡੀ ਕਮਾਈ ।। ਕਿਨੈ ਤੇਰਾ ਅੰਤ ਨਾ ਪਾਇਆ ।

9. ਸਾਢੇ ਕੁ ਪੈਂਤੀ ਸਾਲ ਦੀ ਉਮਰ ਸੀ, ਜਦੋਂ ਗੁਰੂ ਜੀ ਸੁਲਤਾਨਪੁਰ ਲੋਧੀ, ਭੈਣ ਨਾਨਕੀ ਅਤੇ ਭਾਈਆ ਜੈ ਰਾਮ ਜੀ ਕੋਲ ਗਏ । ਮੋਦੀਖਾਨੇ ਦੀ ਕਿਰਤ ਕੀਤੀ । ਲੋਕਾਂ ਨੂੰ, ਗੁਰੂ ਜੀ ਤੋਂ, ਪੂਰਾ ਤੋਲ, ਵਾਜਬ ਰੇਟ, ਸਾਫ ਸੁਥਰਾ ਸੌਦਾ ਮਿਲਿਆ । ਗੁਰੂ ਜੀ ਦਾ ਸ਼ਾਂਤ ਸੁਭਾਅ, ਵਧੀਆ ਵਰਤਣ ਵਿਹਾਰ, ਤੋਂ ਸਭ ਲੋਕ ਪ੍ਰਸੰਨ ਹੋਏ। ਸਭ ਦੇ ਮੂੰਹੋਂ ਆਪ ਮੁਹਾਰੇ ''ਧੰਨ ਨਾਨਕ, ਧੰਨ ਨਾਨਕ'' ਨਿਕਲਿਆ ।

ਮੋਦੀਖਾਨੇ ਦਾ ਹਿਸਾਬ ਕਿਤਾਬ (ਲੇਖਾ) ਵੀ ਹੋਇਆ । ਗੁਰੂ ਜੀ ਦਾ ਸਦਾ ਲਾਭ (ਮੁਨਾਫਾ) ਹੀ ਨਿਕਲਿਆ । ਮੋਦੀਖਾਨੇ ਦਾ ਮਾਲਕ, ਨਵਾਬ ਦੌਲਤ ਖਾਂ ਲੋਧੀ ਵੀ ਖੁਸ਼ ਸੀ, ਸੰਤੁਸ਼ਟ ਸੀ, ਸਾਰੀ ਲੋਕਾਈ ''ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ'' ਗਾਉਂਦੀ ਥੱਕਦੀ ਨਹੀਂ ਸੀ ।

10. ਭਾਈ ''ਭਗੀਰਥ'' ਮੂਰਤੀ ਪੂਜਾ ਛੱਡ ਕੇ, ਗੁਰੂ ਜੀ ਦੇ ਚਰਨਾਂ ਦਾ ਭੌਰਾ ਬਣ ਗਿਆ ਸੀ । ਭਾਈ 'ਮਨਸੁਖ'' ਆਪ ਤਾਂ ਗੁਰੂ ਜੀ ਦੇ ਪਾਵਨ ਬਚਨਾਂ ਤੋਂ ਪ੍ਰਭਾਵਿਤ ਹੋ ਕੇ, ਗੁਰੂ ਜੀ ਦਾ ਸਿੱਖ ਤਾਂ ਬਣਿਆ ਹੀ ਸੀ, ਸਗੋਂ ਉਸਨੇ ਸੰਗਲਾਦੀਪ (ਲੰਕਾ) ਦੇ ਰਾਜੇ ਸ਼ਿਵਨਾਭ ਨੂੰ ਵੀ, ਪਰਿਵਾਰ ਸਮੇਤ, ਗੁਰੂ ਜੀ ਦੇ ਮਾਰਗ-ਉਪਦੇਸ਼ 'ਤੇ ਤੋਰਨ ਲਈ ਲਗਾ ਦਿੱਤਾ ਸੀ । ਇਹ ਸਭ ਵਿੱਚ ਕੇਵਲ ਤਾਂ ਕੇਵਲ ਗੁਰੂ ਸਾਹਿਬ ਦੀ ਬਖ਼ਸ਼ਿਸ਼ ਅਤੇ ਮਿਹਰ ਹੀ ਵਰਤ ਰਹੀ ਸੀ ।

11. ਹਸਨ ਅਬਦਾਲ ਵਿੱਚ, ਵਲੀ ਕੰਧਾਰੀ ਦਾ ਹੰਕਾਰ ਦੂਰ ਕਰਕੇ, ਭਾਈ ਮਰਦਾਨਾ ਜੀ ਨੂੰ ਜਲ ਛਕਾਇਆ । ਪਹਾੜੀ ਤੋਂ ਉਪਰੋਂ, ਰਿੜ੍ਹਦੇ ਆਉਂਦੇ ਭਾਰੀ ਪੱਥਰ ਵਿੱਚ, ਆਪਣਾ ''ਪੰਜਾ'' ਲਾ ਕੇ ਪੱਥਰਦਿਲ ਵਲੀ ਕੰਧਾਰੀ ਨੂੰ ਸ਼ਾਂਤ ਕਰਕੇ, ''ਪੰਜਾ ਸਾਹਿਬ'' ਦਾ ਅਸਥਾਨ ਉਜਾਗਰ ਕੀਤਾ । ਵਲੀ ਦੇ ਵਲ-ਛਲ ਕੱਢ ਕੇ ਆਪਣੇ ਚਰਨੀ ਲਾ ਕੇ, ਸੱਚ-ਮਾਰਗ ਦਾ ਉਪਦੇਸ਼ ਦਿੱਤਾ ।

12. ਹਰਿਦੁਆਰ, ਹਰਿ ਕੀ ਪਉੜੀ 'ਤੇ, ਸੂਰਜ-ਗ੍ਰਹਿਣ ਦੇ ਮੌਕੇ, ਲੋਕ ਹੱਥਾਂ ਨਾਲ ਸੂਰਜ ਨੂੰ ਪਾਣੀ ਪਾ ਰਹੇ ਸਨ । ਗੁਰੂ ਜੀ ਨੇ, ਉਨ੍ਹਾਂ ਦੇ ਮੁਖੀ ''ਨਾਨੂੰ ਪੰਡਤ'' ਸਮੇਤ ਸਾਰੀ ਭੀੜ ਨੂੰ ਉਪਦੇਸ਼ ਕੀਤਾ ਕਿ –

''ਸੂਰਜ ਨੂੰ ਪਾਣੀ ਪਾਉਣ ਦਾ ਕੋਈ ਫਾਇਦਾ ਨਹੀਂ । ਪ੍ਰਮਾਤਮਾ ਤਾਂ ਹਰ ਪਾਸੇ ਵੱਸਦਾ ਹੈ ।'' ਉਨ੍ਹਾਂ ਦਾ ਭਰਮ ਦੂਰ ਕਰਕੇ, ਨਵੀਂ ਨਰੋਈ ਸੇਧ ਬਖ਼ਸ਼ੀ ।

13. ਜੋ ਇਨਸਾਨ ਕਿਰਤ ਨਹੀਂ ਕਰਦਾ, ਉਹ ਭਗਤ ਵੀ ਨਹੀਂ ਹੋ ਸਕਦਾ । ਕਿਰਤੀ ਭਾਈ ਲਾਲੋ ਜੀ ਦੇ ਸਾਦੇ ਭੋਜਨ ਵਿੱਚੋਂ ''ਦੁੱਧ'' ਅਤੇ ਬੇਗਾਨਾ ਹੱਕ ਖਾ ਕੇ ਪਲਣ ਵਾਲੇ, ਮਲਕ ਭਾਗੋ ਦੇ ਭੋਜਨ ਵਿੱਚੋਂ ''ਲਹੂ'' ਵਗਾ ਕੇ, ਗੁਰੂ ਜੀ ਨੇ ਸਭ ਨੂੰ ਪ੍ਰੈਕਟੀਕਲ ਕਰਕੇ ਦੱਸ ਦਿੱਤਾ ਕਿ ਬੇਗਾਨਾ ਹੱਕ ਨਹੀਂ ਖਾਣਾ ਚਾਹੀਦਾ । ਪ੍ਰਮਾਤਮਾ ਦੇ ਦਰ ਤੇ ਸਦਾ ਸੱਚੀ-ਸੁੱਚੀ ਕਿਰਤ ਹੀ ਪ੍ਰਵਾਨ ਹੁੰਦੀ ਹੈ । ਸਭ ਦੀਆਂ ਧੌਣਾਂ ਗੁਰੂ ਬਾਬਾ ਜੀ ਦੇ ਅੱਗੇ ਨਿਉਂ ਗਈਆਂ ।

...........ਧੰਨ ਨਾਨਕ ਤੇਰੀ ਵੱਡੀ ਕਮਾਈ ।।

............ਕਿਨੈ ਤੇਰਾ ਅੰਤ ਨਾ ਪਾਇਆ ।

14. ਮੱਕੇ ਵਿੱਚ ਜਾ ਕੇ, ਗੁਰੂ ਜੀ ''ਕਾਅਬੇ'' ਵੱਲ ਪੈਰ ਪਸਾਰ ਕੇ ਸੌਂ ਗਏ । ''ਜੀਵਨ'' ਨਾਮ ਦੇ ਮੁੱਲਾਂ ਨੇ ਆ ਕੇ, ਗੁਰੂ ਜੀ ਨੂੰ ਜੋਰ ਦੀ ਲੱਤ ਮਾਰੀ, ਗੁਰੂ ਜੀ ਨੂੰ ਉਸ ਨੇ ''ਕੁਫਰ ਕੁਫਾਰੀ'' ਕਹਿ ਕੇ, ਕ੍ਰੋਧ ਨਾਲ ਆਖਿਆ ਕਿ ਉਹ ਖੁਦਾ

(ਕਾਅਬੇ) ਵੱਲ ਪੈਰ ਕਰਕੇ ਕਿਉਂ ਸੁੱਤਾ ਹੋਇਆ ਹੈ ?

ਗੁਰੂ ਜੀ ਨੇ ਉਸ ਨੂੰ ਕਿਹਾ -

"ਜਿੱਧਰ ਨਹੀਂ ਖੁਦਾ ਦੇ ਵਾਸੇ, ਮੇਰੇ ਪੈਰ ਕਰੋਉਸ ਪਾਸੇ"

ਮੁੱਲਾਂ ਨੇ ਗੁੱਸੇ ਨਾਲ, ਗੁਰੂ ਜੀ ਨੂੰ ਲੱਤਾਂ ਤੋਂ ਫੜ ਕੇ ਚਾਰ ਚੁਫੇਰੇ ਘਸੀਟਿਆ । ਵੇਖੋ ਰੰਗ ਕਰਤਾਰ ਦੇ - ਜਿੱਧਰ ਵੀ ਗੁਰੂ ਜੀ ਦੇ ਚਰਨ ਹੋਣ, ਮੱਕਾ ਵੀ ਉਸੇ ਪਾਸੇ ਵੱਲ ਹੀ ਘੁੰਮਦਾ ਜਾਵੇ ....ਸਾਰੇ ਕਾਜੀ ਮੁਲਾਂ ਹੈਰਾਨ ਹੋਏ ਅਤੇ ਤੌਬਾ ਕੀਤੀ ।

ਏਥੇ ਹੀ ਬੱਸ ਨਹੀਂ ਸੀ, ਸਾਰੇ ਕਾਜੀ - ਮੁੱਲਾਂ ਇੱਕਠੇ ਹੋ ਕੇ, ਗੁਰੂ ਜੀ ਨੂੰ ਪੁੱਛਣ ਲੱਗੇ - ਹੇ ਨਾਨਕ !

"ਆਪਣੀ ਕਿਤਾਬ ਫੋਲ ਕੇ ਦੱਸ ਕਿ ਹਿੰਦੂ ਵੱਡੇ ਹਨ ਜਾਂ ਮੁਸਲਮਾਨ ?"

ਤਾਂ ਗੁਰੂ ਜੀ ਨੇ ਇਹ ਕਹਿ ਕੇ ਸਭ ਨੂੰ ਲਾਜਵਾਬ ਕਰ ਦਿੱਤਾ -

"ਬਾਬਾ ਆਖੇ ਹਾਜੀਆ ਸੁਭਿ ਅਮਲਾਂ ਬਾਝਹੁ ਦੋਨੋ ਰੋਈ " (ਭਾਈ ਗੁਰਦਾਸ ਜੀ, ਵਾਰ 1)

ਅਰਥਾਤ ਨੇਕ ਅਮਲ ਕਰੋ, ਪਰਉਪਕਾਰ ਕਰੋ, ਹਉਮੈ ਛੱਡੋ, ਸ਼ੁੱਧ ਮਨ ਨਾਲ ਖੁਦਾ ਨੂੰ ਯਾਦ ਕਰੋ । ਪਖੰਡ , ਵਿਖਾਵਾ ਅਤੇ ਦੂਜਿਆਂ ਮਨੁੱਖਾਂ ਨਾਲ ਈਰਖਾ ਕਰਨ ਨਾਲ ਪ੍ਰਮਾਤਮਾ ਖੁਸ਼ ਨਹੀਂ ਹੁੰਦਾ । ਜਿਸ ਦੇ ਅਮਲ ਚੰਗੇ ਹਨ, ਉਹੀ ਵੱਡਾ ਹੈ ।

ਗੁਰੂ ਜੀ ਮੱਕੇ ਵਿੱਚ ਇੱਕ ਸਾਲ ਰਹੇ । ਉਨ੍ਹਾਂ ਨੇ ਗੁਰੂ ਜੀ ਦੀਆਂ ਖੜਾਵਾਂ, ਸਤਿਕਾਰ ਅਤੇ ਯਾਦਗਾਰ ਵਜੋਂ, ਉਥੇ ਰੱਖਲਈਆਂ -

"ਧਰੀ ਨੀਸਾਣੀ ਕਉਸ ਦੀ ਮਕੇ ਅੰਦਰਿ ਪੂਜ ਕਰਾਈ" (ਭਾਈ ਗੁਰਦਾਸ ਜੀ, ਵਾਰ 1)

............ਧੰਨ ਨਾਨਕ ਤੇਰੀ ਵੱਡੀ ਕਮਾਈ ।।.............ਕਿਨੈ ਤੇਰਾ ਅੰਤ ਨਾ ਪਾਇਆ ।

15. ਏਥੇ ਹੀ ਬੱਸ ਨਹੀਂ, ਬਗਦਾਦ ਦੇ ਪੀਰ ਦੀ ਤਸੱਲੀ ਕਰਾਈ, ਸੱਜਣ ਠੱਗ ਨੂੰ "ਭਾਈ ਸੱਜਣ" ਬਣਾਇਆ, ਕੌਡੇ ਰਾਖਸ ਦੀ, ਰਾਖਸ ਬੁੱਧੀ ਦਾ ਤਿਆਗ ਕਰਵਾ ਕੇ, ਸਹੀ ਇਨਸਾਨ ਬਣਾਇਆ ।

16. ਯੂ. ਪੀ. ਵਿੱਚ ਨਾਨਕਮਤੇ ਦੇ ਸਥਾਨ ਤੇ, ਸਿੱਧਾਂ ਨਾਥਾਂ ਨਾਲ ਲੰਮੀ ਚਰਚਾ, ਗੋਰਖ ਮਤੇ ਨੂੰ "ਨਾਨਕ-ਮਤੇ" ਵਿੱਚ ਤਬਦੀਲ ਕਰਨਾ, ਮਰਦਾਨੇ ਰਾਹੀਂ ਸੋਟੀ ਨਾਲ ਗੰਗਾ ਨੇੜੇ ਲਿਆਉਣੀ, ਮਰਦਾਨਾ ਜੀ ਨੂੰ ਕਿੱਕਰ ਤੇ ਚੜ੍ਹਾਂ ਕੇ, ਸਿੱਧਾਂ ਨਾਥਾਂ ਲਈ ਮਠਿਆਈਆਂ ਡੇਗ ਦੇਣੀਆਂ । ਅਜਿਹੇ ਅਚੰਭੇ ਭਰੇ ਕੌਤਕ - ਗੁਰੂ ਬਾਬਾ ਜੀ ਤੋਂ ਬਿਨਾਂ ਕੋਈ ਵੀ ਨਹੀਂ ਸੀ ਕਰ ਸਕਦਾ ।

ਸੁਮੇਰ ਪਰਬਤ ਤੇ ਸਿੱਧਾਂ ਨਾਲ ਗਿਆਨ ਗੋਸ਼ਟੀ ਕੀਤੀ । ਸਿੱਧਾਂ ਨਾਥਾਂ ਨੇ ਆਪਣੀਆਂ ਰਿਧੀਆਂ-ਸਿਧੀਆਂ ਰਾਹੀਂ, ਗੁਰੂ ਜੀ ਨੂੰ ਭਰਮਾਉਣ ਦੀ ਪੂਰੀ ਵਾਹ ਲਗਾ ਲਈ ਪਰ -

"ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ" (ਭਾਈ ਗੁਰਦਾਸ ਜੀ, ਵਾਰ 1)

ਇਸੇ ਪ੍ਰਕਾਰ ਅਚਲ-ਬਟਾਲੇ ਦੀ ਧਰਤੀ ਤੇ ਵੀ, ਸਿੱਧਾਂ ਨਾਥਾਂ ਨਾਲ, ਗੁਰੂ ਜੀ ਦੀ ਲੰਮੀ ਗਿਆਨ ਗੋਸ਼ਟੀ ਆਦਿ ਹੋਈ । ਪਰ ਗੁਰੂ ਜੀ, ਅੱਗੇ ਕੋਈ ਵੀ ਅੜ ਨਾ ਸਕਿਆ । ਸਭ ਨੇ ਮਾਫੀ ਮੰਗੀ ।

ਹੇ, ਮਹਾਂਬਲੀ ਸਤਿਗੁਰੂ ਜੀ !............ਕੋਈ ਤੇਰਾ ਸਾਨੀ ਨਹੀਂ ....ਤੁਸੀਂ ਸਭ ਤੋਂ ਵੱਡੇ ਹੋ —

............ਧੰਨ ਨਾਨਕ ਤੇਰੀ ਵੱਡੀ ਕਮਾਈ ।।.............ਕਿਨੈ ਤੇਰਾ ਅੰਤ ਨਾ ਪਾਇਆ ।

17. ਜੀਵਨ ਦੇ ਅੰਤਲੇ ਸਾਲਾਂ ਵਿੱਚ, ਗੁਰੂ ਜੀ ਕਰਤਾਰਪੁਰ (ਪਾਕਿਸਤਾਨ) ਵਿਖੇ ਆ ਕੇ ਟਿਕ ਗਏ । ਖੇਤੀ ਕੀਤੀ । ਉਦਾਸੀ ਬਾਣਾ ਲਾਹ ਕੇ, ਸੰਸਾਰੀ ਲੋਕਾਂ ਵਾਲੇ ਕੱਪੜੇ ਪਹਿਨ ਲਏ । ਸੰਗਤਾਂ ਨੂੰ ਗੁਰ-ਉਪਦੇਸ਼ ਕਰਨ ਲੱਗੇ । ਇਥੇ ਹੀ ਭਾਈ ਲਹਿਣਾ ਜੀ ਨੂੰ, ਗੁਰਿਆਈ ਬਖ਼ਸ਼ ਕੇ, "ਗੁਰੂ ਅੰਗਦ" ਬਣਾਇਆ ।

ਅੰਤ ਵਿੱਚ ਗੁਰੂ ਜੀ ਅੱਗੇ ਬੇਨਤੀ -

ਹੇ ਸੱਚੇ ਸਤਿਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀਓ !

ਤੁਸਾਂ ਸਾਰੀ ਦੁਨੀਆ ਨੂੰ ਤਾਰਿਆ । ਸਭ ਦਾ ਭਲਾ ਕੀਤਾ । ਕੋਈ ਵੱਡੇ ਤੋਂ ਵੱਡਾ ਰਾਜਾ ਮਹਾਰਾਜਾ, ਰਾਖਸ਼ ਦੈਂਤ, ਵੱਡੇ-ਵੱਡੇ ਪੰਡਤ, ਮੁੱਲਾਂ, ਕਾਜੀ, ਸਿੱਧ, ਨਾਥ, ਪੀਰ ਕੋਈ ਵੀ ਆਪ ਜੀ ਦੇ ਅੱਗੇ ਅੜ ਨਹੀਂ ਸਕਿਆ । ਤੁਸੀਂ ਵੱਡੇ ਬਖਸ਼ਣਹਾਰ ਹੋ । ਕਿਰਪਾ ਕਰੋ, ਸਾਨੂੰ ਵੀ ਬਖ਼ਸ਼ ਲਉ ਜੀ । ਸਾਡੇ ਔਗੁਣਾਂ ਵੱਲ ਨਾ ਚਿਤਾਇਓ ਜੀ —

ਹੇ ਜਗਤ ਗੁਰੂ ਜੀ !

ਆਪ ਜੀ ਬੇਅੰਤ ਹੋ । ਸਾਡੀ ਅਕਲ, ਬੁੱਧੀ, ਜੀਭ, ਕਲਮ, ਆਪ ਜੀ ਦੀ ਮਹਿਮਾਂ, ਰਤੀ ਭਰ ਵੀ ਕਥਨ ਨਹੀਂ ਕਰ ਸਕਦੀ । ਜਿੰਨੀ ਕੁ ਸੂਝ/ਸੁਮੱਤ ਆਪ ਜੀ ਨੇ ਬਖ਼ਸ਼ੀ, ਉਸੇ ਅਨੁਸਾਰ ਹੀ "ਕਿਣਕਾ ਮਾਤਰ" ਹੀ ਲਿਖਿਆ ਜਾ ਸਕਿਆ ਹੈ । ਅਕਾਸ਼ ਦੇ ਤਾਰੇ ਗਿਣੇ ਜਾ ਸਕਦੇ ਹਨ । ਸਮੁੰਦਰਾਂ ਦੀ ਮਿਣਤੀ ਹੋ ਸਕਦੀ ਹੈ - ਪਰ ਗੁਰੂ ਨਾਨਕ ਜੀ ਦੇ ਪਰਉਪਕਾਰਾਂ ਦੀ ਗਿਣਤੀ ਹੋ ਨਹੀਂਸਕਦੀ । ਤੁਸੀਂ ਅਤਿ ਵੱਡੇ ਹੋ, ਪਰ੍ਹੇ ਤੋਂ ਪਰ੍ਹੇ ਹੋ । ਹੇ ਗੁਰੂ ਜੀ ! ਤੁਸੀਂ ਧੰਨ ਹੋ —— ਤੁਸੀਂ ਧੰਨ ਹੋ —— ਤੁਸੀਂ ਬੇਅੰਤ ਹੋ ....ਕਿਨੈ ਤੇਰਾ ਅੰਤ ਨਾ ਪਾਇਆ ।

ਅਗਮ ਅਗੋਚਰਾ ਤੇਰਾ ਅੰਤ ਨ ਪਾਇਆ ।।

ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ । (ਅੰਗ 918)

98558-51014

****



ਮਨ ਬੈਰਾਗ ਭਇਆ

ਅਮਰੀਕ ਸਿੰਘ ਸ਼ੇਰ ਖਾਂ

ਸੰਗਲਾਦੀਪ ਦੇ ਟਾਪੂਆਂ 'ਚ ਇਕ ਦਿਨ ਅਚਾਨਕ ਹਾਹਾਕਾਰ ਮੱਚ ਗਈ। ਹਰ ਗਲੀ ਮੁਹੱਲੇ ਲੋਕ ਇਕ ਦੂਜੇ ਦੇ ਕੰਨਾਂ 'ਚ ਜ਼ਹਿਰ ਘੋਲਣ ਲੱਗੇ। ਖਾਸ ਕਰ ਬੀਬੀਆਂ-ਮਾਈਆਂ ਬਾਤ ਦਾ ਬਤੰਗੜ ਬਨਾਉਣ ਲੱਗੀਆਂ "ਅਖੇ ਵਾਹ! ਕੈਸਾ ਜ਼ਮਾਨਾ ਆ ਗਿਐ। ਕੈਸੇ-ਕੈਸੇ ਮੂਰਖ ਲੋਗ ਏਸ ਧਰਤੀ ਪੇ ਪੈਦਾ ਹੋ ਗਏ ਨੇ। ਨਾ ਵਰਤ ਨਾ ਪੂਜਾ, ਨਾ ਸ਼ਿਵਾਲੇ ਨਾ ਮੰਦਰ, ਨਾ ਗਊ ਨੂੰ ਪੇੜਾ, ਨਾ ਕੋਈ ਮੂਰਤੀ ਪੂਜਾ, ਨਾ ਸ਼ਰਾਧ ਨਾ ਹਵਨ, ਨਾ ਪਿੱਪਲ ਪਾਣੀ ਨਾ ਸੂਰਜ ਪੂਜਾ, ਕੈਸੇ ਭਲਾ ਹੋਗਾ ਐਸੇ ਨਾਸਤਕ ਬੰਦੇ ਕਾ, ਪਤਾ ਨ੍ਹੀਂ ਕਹਾਂ ਸੇ ਆ ਗਯਾ ਐਸਾ ਵਪਾਰੀ ਮਾਰ੍ਹੇ ਦੇਸ਼ ਮੇਂ ਵਪਾਰ ਕਮਾਵਨੇ ਕੋ। ਯਹ ਤੋ ਮ੍ਹਾਰੀ ਜਨਤਾ ਕਾ ਭੀ ਸਰਵਨਾਸ਼ ਕਰ ਦੇਗਾ।"

ਅਜਿਹੀਆਂ ਗੱਲਾਂ ਸੰਗਲਾਦੀਪ ਦੀਆਂ ਗਲੀਆਂ ਤੋਂ ਹੁੰਦੀਆਂ ਹੋਈਆਂ ਰਾਜ ਮਹਿਲਾਂ ਤੱਕ ਰਾਜੇ ਸ਼ਿਵਨਾਭਿ ਦੇ ਕੰਨਾਂ ਤੱਕ ਪਹੁੰਚਣ ਲੱਗੀਆਂ। ਰਾਜੇ ਕੋਲ ਨਿੱਤ ਕਈ ਤਰ੍ਹਾਂ ਦੀਆਂ ਅਫਵਾਹਾਂ ਪਹਿਲਾਂ ਵੀ ਪਹੁੰਚਦੀਆਂ ਰਹਿੰਦੀਆਂ ਸਨ। ਰਾਜਾ ਗੱਲ ਆਈ-ਗਈ ਕਰਦਾ ਰਿਹਾ।

ਪਰ ਅੱਜ ਤਾਂ ਹੱਦ ਈ ਹੋ ਗਈ, ਜਦ ਸ਼ਿਵਨਾਭਿ ਦੀ ਆਪਣੀ ਨਗਰੀ ਦੇ ਬਹੁਤ ਸਾਰੇ ਲੋਕ ਇਕੱਠੇ ਹੋ, ਸਿਰ ਤੋਂ ਮੂਕੇ ਲਾਹ ਸਿਰੋਂ ਨੰਗੇ ਰਾਜੇ ਦੇ ਦਰਬਾਰ 'ਚ ਆ ਪੇਸ਼ ਹੋਏ।

"ਮਹਾਰਾਜ! ਘੋਰ ਅਨਰਥ! ਇਕ ਐਸਾ ਵਪਾਰੀ ਸਾਡੀ ਨਗਰੀ 'ਚ ਆਣ ਘੁਸਿਆ ਏ ਜੀਹਦੇ ਮਨ 'ਚ ਸਾਡੇ ਧਰਮ ਗ੍ਰੰਥਾਂ ਤੇ ਪੂਜਾ-ਅਰਚਨਾ ਦਾ ਕੋਈ ਸਤਿਕਾਰ ਨਹੀਂ। ਨਾ ਉਹ ਦੇਵ-ਪੂਜਾ ਕਰਦਾ ਏ, ਨਾ ਸ਼ਿਵਾਲੇ ਮੰਦਰ ਜਾਂਦਾ ਏ, ਨਾ ਕੋਈ ਇਕਾਦਸ਼ੀ ਵਰਤ ਰੱਖਦਾ ਏ ਤੇ ਨਾ ਈ ਗਊ-ਪੂਜਾ 'ਚ ਵਿਸ਼ਵਾਸ਼ ਕਰਦਾ ਏ ਸਗੋਂ ਏਸ ਸਭ ਕਾਸੇ ਨੂੰ ਫੋਕਟ ਕਰਮ ਦੱਸਦਾ ਹੋਇਆ ਸਾਡਾ ਸਭ ਦਾ ਮਜ਼ਾਕ ਉਡਾਉਂਦਾ ਏ। ਆਪ ਏਕ ਹਿੰਦੂ ਰਾਜਾ ਹੋ। ਹਮਾਰੀ ਫ਼ਰਿਆਦ ਐ ਕਿ ਉਸ ਘੋਰ-ਅਪਰਾਧੀ ਕੋ ਕਚਹਿਰੀ ਬੁਲਾ ਕੇ ਕਠੋਰ ਦੰਡ ਲਗਾਓ।"

ਮਹਾਰਾਜ ਨੇ ਸਾਰੀ ਗੱਲ ਬੜੇ ਗੌਰ ਨਾਲ ਸੁਣੀ। ਆਈ ਭੀੜ ਨੂੰ ਉਹਨੇ ਨਿਆਂ ਕਰਨ ਦਾ ਭਰੋਸਾ ਦੇ ਕੇ ਘਰੋਂ-ਘਰੀਂ ਤੋਰ ਦਿੱਤਾ।

ਅਗਲੇ ਦਿਨ ਹਿੰਦੁਸਤਾਨ ਤੋਂ ਵਪਾਰ ਕਰਨ ਲਈ ਸੰਗਲਾਦੀਪ ਪਹੁੰਚੇ ਮਨਸੁੱਖ ਵਪਾਰੀ ਦੀ ਰਾਜੇ ਦੇ ਦਰਬਾਰ 'ਚ ਪੇਸ਼ੀ ਹੋ ਗਈ। ਸੰਗਲਾਦੀਪ ਜੀਹਨੂੰ ਅੱਜ ਕੱਲ੍ਹ ਸ੍ਰੀ ਲੰਕਾ ਕਹਿੰਦੇ ਨੇ ਉਸ ਨਾਲ ਉਸ ਵਕਤ ਵੀ ਹਿੰਦੁਸਤਾਨ ਦਾ ਵਪਾਰ ਜ਼ੋਰਾਂ 'ਤੇ ਸੀ। ਮਨਸੁੱਖ ਰਾਜ ਦਰਬਾਰ 'ਚ ਪੇਸ਼ ਹੋਇਆ। ਰਾਜਾ ਬੜਾ ਸੂਝਵਾਨ ਸੀ। ਉਹਨੇ ਠਰੰਮ੍ਹੇ ਨਾਲ ਮਨਸੁੱਖ ਤੋਂ ਸਾਰੀ ਗੱਲ ਪੁੱਛਣੀ ਸ਼ੁਰੂ ਕੀਤੀ। ਰਾਜਾ ਨਹੀਂ ਸੀ ਚਾਹੁੰਦਾ ਕਿ ਉਹ ਬਾਹਰੋਂ ਆਏ ਵਪਾਰੀ ਨਾਲ ਕਿਸੇ ਵੀ ਤਰ੍ਹਾਂ ਦਾ ਬੋਲ ਕੁਬੋਲ ਸਾਂਝਾ ਕਰੇ। ਮਨਸੁੱਖ ਆਖਰਕਾਰ ਉਹਦੇ ਦੇਸ਼ ਦਾ ਮਹਿਮਾਨ ਸੀ। ਇਸ ਲਈ ਉਹਨੇ ਮਨਸੁੱਖ ਨੂੰ ਆਪਣੀ ਗੱਲ ਰੱਖਣ ਦਾ ਪੂਰਾ ਪੂਰਾ ਸਮਾਂ ਤੇ ਸਾਜਗਾਰ ਮਾਹੌਲ ਦਿੱਤਾ।

ਸਜੀ ਕਚਿਹਰੀ 'ਚ ਵਜੀਰ ਆਪੋ ਆਪਣੀਆਂ ਥਾਵਾਂ ਤੇ ਸਜੇ ਬੈਠੇ ਸਨ। ਮਨਸੁੱਖ ਨੇ ਬੜੀ ਹਲੀਮੀ ਨਾਲ ਆਪਣੀ ਗੱਲ ਕਹਿਣੀ ਸ਼ੁਰੂ ਕਰ ਦਿਤੀ। "ਮਹਾਰਾਜ! ਮੈਂ ਕਿਸੇ ਵੀ ਤਰ੍ਹਾਂ ਦਾ ਕੋਈ ਅਨਰਥ ਨਹੀਂ ਕੀਤਾ ਤੇ ਨਾ ਈ ਕਿਸੇ ਦੀ ਭਾਵਨਾ ਨੂੰ ਠੇਸ ਪਹੁੰਚਾਈ ਏ ਸਗੋਂ ਮੈਂ ਤਾਂ ਆਪਣੇ ਧਰਮ ਦੀ ਹੀ ਪਾਲਣਾ ਕੀਤੀ ਏ। ਮੈਂ ਆਪਣੀ ਸਾਰੀ ਦਿਨਚਰਿਆ ਆਪਣੇ ਗੁਰੂ ਬਾਬੇ ਦੇ ਆਦੇਸ਼ਾਂ ਮੁਤਾਬਿਕ ਈ ਬਤੀਤ ਕਰ ਰਿਹਾ ਹਾਂ। ਸਵੇਰੇ ਪਹਿਰ ਰਾਤ ਰਹਿੰਦੀ ਉਠਦਾ ਹਾਂ। ਇਸ਼ਨਾਨ ਕਰਦਾ ਹਾਂ। ਬਾਬੇ ਨਾਨਕ ਦੀ ਉਚਾਰੀ ਬਾਣੀ ਜਪੁ ਦਾ ਜਾਪ ਕਰਦਾ ਹਾਂ, ਜੀਹਦਾ ਜਾਪੁ ਕਰਦਿਆਂ ਮੇਰਾ ਮਨ ਇਲਾਹੀ ਵੈਰਾਗ ਵਿਚ ਰੰਗਿਆ ਜਾਂਦਾ ਏ। ਫੇਰ ਮੈਂ ਪ੍ਰਸ਼ਾਦਾ ਪਾਣੀ ਛਕ ਕੇ ਆਪਣੀ ਕਿਰਤ ਕਮਾਵਨ ਚੱਲ ਪੈਂਦਾ ਹਾਂ ਤੇ ਕਿਰਤ ਕਮਾਂਵਦਾ ਹੋਇਆ ਵੈਰਾਗੀ ਮਨ ਵਿਚੋਂ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਅਲਾਪਦਾ ਰਹਿੰਦਾ ਹਾਂ। ਬੱਸ ਮੇਰਾ ਧਰਮ ਕਰਮ ਤਾਂ ਇਹੋ ਈ ਏ। ਮੈਨੂੰ ਇਹਦੇ ਵਿਚ ਈ ਸੰਤੁਸ਼ਟੀ ਏ। ਹੋਰ ਕਿਸੇ ਵੀ ਲੰਮੇ ਚੌੜੇ ਕਰਮ ਕਾਂਡ ਦੀ ਮੈਨੂੰ ਜ਼ਰੂਰਤ ਈ ਮਹਿਸੂਸ ਨਹੀਂ ਹੁੰਦੀ।"

ਮਨਸੁਖ ਇਕੋ ਸਾਹੇ ਹੱਥ-ਜੋੜੀ ਸਾਰੀ ਗੱਲ ਰਾਜੇ ਸ਼ਿਵਨਾਭਿ ਸਾਹਮਣੇ ਖੋਲ੍ਹ ਗਿਆ।

ਰਾਜਾ ਸ਼ਿਵਨਾਭਿ ਅਤੀ-ਪ੍ਰਸੰਨ ਹੋਇਆ। ਉਹਦੇ ਵਿਚਾਰਾਂ ਨੇ ਅੰਗੜਾਈ ਲਈ। ਮਨਸੁਖ ਨੇ ਫਿਰ ਬੜੀ ਅਧੀਨਗੀ ਨਾਲ ਬੋਲਣਾ ਸ਼ੁਰੂ ਕੀਤਾ "ਮਹਾਰਾਜ! ਏਸ ਧਰਤੀ ਤੇ ਸਮੇਂ ਨਾਲ ਤੇਤੀਸ ਕਰੋੜ ਦੇਵਤਾ ਪੈਦਾ ਹੋ ਚੁੱਕੇ ਨੇ। ਬਤਾਓ ਕਿਸ ਕਿਸ ਕੋ ਪ੍ਰਣਾਮ ਕਰੂੰ। ਕਿਸ-ਕਿਸ ਕੀ ਪੂਜਾ ਅਰਚਨਾ ਕਰੂੰ। ਹਮਨੇ ਤੋ ਗੁਰੂ ਬਾਬੇ ਕੀ ਦੀਖਿਆ ਸੇ ਸਿਰਫ ਤੋ ਸਿਰਫ ਸ਼ਬਦ ਗੁਰੂ ਕੀ ਪੂਜਾ ਕੋ ਹੀ ਮਾਨਾ ਹੈ। ਸ਼ਬਦ ਗੁਰੂ ਹੀ ਦੀਨ ਦੁਨੀ ਸੇ ਉਤਾਰਾ ਕਰਨੇ ਯੋਗਯ ਹੈ। ਨਾਲੇ ਹਮਾਰੇ ਸਿੱਖ ਗੁਰੂ ਭਾਈ ਤੋ ਗਾਤੇ ਫਿਰਤੇ ਹੈਂ 'ਜਿਸ ਘਰ ਨਾਨਕ ਪੂਜਾ, ਤਿਸ ਘਰ ਦੇਓ ਨਾ ਦੂਜਾ।" ਇਸ ਲਈ ਹਮ ਤੋ ਸਿਰਫ ਬਾਬਾ ਨਾਨਕ ਕੇ ਉਪਦੇਸ਼ੋਂ ਕੋ ਈ ਮਾਨੈਂ। ਦੂਸਰੇ ਲੋਗੋਂ ਕੀ ਬਾਤ ਪਰ ਕਾਨ ਤੱਕ ਨਾ ਧਰੈਂ।"

ਮਨਸੁਖ ਦੇ ਦ੍ਰਿੜ੍ਹ ਵਿਸ਼ਵਾਸ਼ ਤੇ ਸਰਲ-ਸਪਾਟ ਜਵਾਬਾਂ ਦਾ ਰਾਜੇ ਸ਼ਿਵਨਾਭਿ ਤੇ ਚਮਤਕਾਰੀ ਪ੍ਰਭਾਵ ਪਿਆ। ਉਹ ਇਕਦਮ ਕਹਿ ਉਠਿਆ "ਮਨਸੁਖ! ਜੇਕਰ ਇਹ ਨਾਚੀਜ਼ ਤੇਰੇ ਗੁਰੂ ਬਾਬੇ ਕੋ ਮਿਲਨਾ ਚਾਹੇ ਤਾਂ ਕਿਸ ਪ੍ਰਕਾਰ ਬਿਧ ਬਣੇਗੀ।"

ਮਨਸੁਖ ਬੋਲਿਆ "ਰਾਜਨ! ਜੋ ਗੁਰੂ ਨੂੰ ਖੁਦ ਮਿਲਣੇ ਗਯਾ, ਕਦੇ ਨਹੀਂ ਮਿਲ ਪਾਯਾ। ਮੇਰਾ ਗੁਰੂ ਕਦੇ ਏਸ ਲੋਕ ਵਿਚ ਕਦੇ ਓਸ ਲੋਕ ਵਿਚ। ਗੁਰੂ ਬਾਬਾ ਕਈ ਬਰਸਾਂ ਤੋਂ ਪੈਦਲ ਚਹੁੰ ਦਿਸ਼ਾਵਾਂ 'ਚ ਦੁਨੀਆਂ ਦੇ ਤਾਰਨੇ ਨੂੰ ਉਦਾਸੀਆਂ ਕਰ ਰਿਹਾ ਏ। ਆਪ ਇਥੇ ਈ ਗੁਰੂ ਬਾਬੇ ਕਾ ਧਿਆਨ ਧਰੋ। ਗੁਰੂ ਬਾਬਾ ਜ਼ਰੂਰ ਮਿਲੇਗਾ।"

ਇੰਨਾ ਕਹਿ ਕੇ ਮਨਸੁਖ ਰਾਜ ਦਰਬਾਰ ਵਿਚੋਂ ਪੂਰੇ ਮਾਣ ਸਤਿਕਾਰ ਨਾਲ ਵਿਦਾ ਹੋਇਆ। ਰਾਜੇ ਦੇ ਹੁਕਮਾਂ ਨਾਲ ਕਈ ਤਰ੍ਹਾਂ ਦੀਆਂ ਸੁਗਾਤਾਂ ਉਹਦੀ ਹਜ਼ੂਰੀ ਵਿਚ ਪੇਸ਼ ਹੋਈਆਂ। ਇਕ ਸੁੰਦਰ ਤੇ ਸਜੀ ਪਾਲਕੀ 'ਚ ਮਨਸੁਖ ਨੂੰ ਬਿਠਾ ਕੇ ਉਹਦੇ ਘਰ ਤੱਕ ਵਿਦਾ ਕੀਤਾ ਗਿਆ।

ਉਧਰ ਰਾਜਾ ਦਿਨੋਂ ਦਿਨ ਗੁਰੂ ਵੈਰਾਗ 'ਚ ਰੰਗਿਆ ਜਾਣ ਲੱਗਾ। ਬਾਬੇ ਨਾਨਕ ਦੇ ਦਰਸ਼ਨਾਂ ਦੀ ਸਿੱਕ ਦਿਨੋ ਦਿਨ ਪ੍ਰਬਲ ਹੋਣ ਲੱਗੀ। ਰਾਜੇ ਨੂੰ ਖਾਣਾ ਪੀਣਾ ਵਿਸਰਨ ਲੱਗਾ। ਵਜ਼ੀਰ ਮੁਸਾਹਿਬ ਪ੍ਰੇਸ਼ਾਨ ਹੋਣ ਲੱਗੇ। ਰਾਜੇ ਦੇ ਵੈਰਾਗ ਦੀ ਕੋਈ ਹੱਦ ਨਾ ਰਹੀ। ਉਹ ਉਠਦਾ ਬਹਿੰਦਾ, ਸੌਂਦਾ ਜਾਗਦਾ ਗੁਰੂ-ਗੁਰੂ ਜਪਣ ਲੱਗਾ।

ਰਾਜੇ ਦੀ ਇਹ ਹਾਲਤ ਵੇਖ-ਸੁਣ ਕੇ ਪਖੰਡੀ ਸਾਧਾਂ ਨੇ ਵੀ ਰਾਜ ਦਰਬਾਰ ਦੁਆਲੇ ਆਪਣਾ ਗਲਬਾ ਵਿਛਾਉਣਾ ਸ਼ੁਰੂ ਕਰ ਦਿੱਤਾ। ਉਹ ਡਾਰਾਂ ਦੀਆਂ ਡਾਰਾਂ ਬਣਾ ਰਾਜ ਦਰਬਾਰ ਦੇ ਮੂਹਰੇ ਆ ਧੱਕਾ ਮੁੱਕੀ ਹੋਣ ਲੱਗੇ। ਕੋਈ ਕਹੇ ਬਾਬਾ ਨਾਨਕ ਮੈਂ ਤੇ ਕੋਈ ਕਹੇ ਬਾਬਾ ਨਾਨਕ

ਮੈਂ।

ਦੁਖੀ ਹੋ ਕੇ ਦਰਬਾਨ ਰਾਜੇ ਦੀ ਹਜ਼ੂਰੀ 'ਚ ਪੇਸ਼ ਹੋਏ। "ਮਹਾਰਾਜ! ਬਾਹਰ ਨਿੱਤ ਦਿਹਾੜੇ ਸੈਂਕੜਿਆਂ ਦੀ ਤਦਾਦ ਵਿਚ ਸਾਧ ਲੋਕ ਇਕੱਤਰ ਹੋ ਕੇ ਸ਼ੋਰ ਮਚਾਉਂਦੇ ਰਹਿੰਦੇ ਨੇ। ਕੋਈ ਕਹਿੰਦੈ ਬਾਬਾ ਨਾਨਕ ਮੈਂ ਤੇ ਕੋਈ ਕਹਿੰਦਾ ਮੈਂ। ਦੱਸੋ ਕਿਸਨੂੰ ਆਪਦੇ ਸਨਮੁਖ ਪੇਸ਼ ਕਰੀਏ ਤੇ ਕਿਸਨੂੰ ਛੱਡੀਏ। ਉਤੋਂ ਆਪਦੇ ਸਖਤ ਹੁਕਮ ਹੈਨ ਕਿ ਬਾਬਾ ਜੀ ਜਦ ਡਿਉਢੀ ਪਹੁੰਚਣ ਤਦ ਉਨ ਕੋ ਪੂਰਾ ਮਾਣ ਸਤਿਕਾਰ ਦੇਵੇਂ। ਇਹ ਕਾਮ ਤੋ ਬਹੁਤ ਕਠਿਨ ਲਾਗੈ। ਇਤਨੇ ਸਾਧੋਂ ਮੇਂ ਸੇ ਪਛਾਨ ਕਰਨਾ ਤੋ ਸੂਈ ਦੇ ਨੱਕੇ ਥੀਂ ਲੰਘਣ ਸਮਾਨ ਐ ਕਿ ਅਸਲੀ ਬਾਬਾ ਨਾਨਕ ਕੌਣ ਐ।"

ਸਾਰੀ ਗੱਲ ਸੁਣ ਕੇ ਰਾਜਾ ਹੱਸ ਪਿਆ।

ਉਹਨੇ ਤੁਰੰਤ ਵੱਡੇ ਵਜ਼ੀਰ ਨੂੰ ਹੁਕਮ ਲਾਇਆ "ਵਜੀਰ! ਪੂਰੇ ਸੰਗਲਾਦੀਪ ਦੀਆਂ ਐਸੀਆਂ ਸਭ ਤੋਂ ਖੂਬਸੂਰਤ ਨਾਚੀਆਂ ਦਾ ਪ੍ਰਬੰਧ ਕੀਤਾ ਜਾਵੇ ਜੀਹਨਾਂ ਦੇ ਕਦਮ- ਤਾਲ ਨਾਲ ਹਰ ਕਿਸੇ ਦੇ ਪੈਰ ਥਿਰਕ ਪੈਣ ਤੇ ਜੀਹਨਾਂ ਦੇ ਹੁਸਨ ਤੇ ਸ਼ੋਖ ਅਦਾ ਤੇ ਹਰ ਕਿਸੇ ਦਾ ਮਨ ਭ੍ਰਮਿਤ ਹੋ ਉੱਠੇ। ਐਸੀਆਂ ਹੁਸੀਨ ਤੇ ਸ਼ੋਖ ਅਦਾ ਵਾਲੀਆਂ ਨਾਚੀਆਂ ਦੇ ਗਾਉਣ ਵਜਾਉਣ ਦਾ ਪ੍ਰਬੰਧ ਡਿਉਢੀ ਦੇ ਨਾਲ ਲੱਗਦੇ ਹਿੱਸੇ ਵਿਚ ਕੀਤਾ ਜਾਵੇ। ਜੋ-ਜੋ ਇਹਨਾਂ ਨਾਚੀਆਂ ਦੇ ਜਾਲ ਵਿਚ ਫਸਦਾ ਜਾਵੇ ਉਹਨੂੰ ਯੋਗ ਸਜਾ ਦੇ ਕੇ ਤਹਿਖਾਨੇ ਵਿਚ ਸੁੱਟ ਦਿੱਤਾ ਜਾਵੇ। ਮਗਰ ਇਸ ਬਾਤ ਦਾ ਖਾਸ ਖਿਆਲ ਰੱਖਿਆ ਜਾਵੇ ਕਿ ਏਸ ਹੁਕਮ ਦੀ ਕਨਸੋਅ ਰਾਜ ਮਹਿਲ ਤੋਂ ਬਾਹਰ ਨਾ ਪਹੁੰਚੇ।

ਰਾਜੇ ਦੇ ਹੁਕਮ ਦੀ ਤਾਮੀਲ ਹੋਣ ਲੱਗੀ। ਥੋੜ੍ਹੇ ਈ ਦਿਨਾਂ ਵਿਚ ਤਹਿ ਖਾਨਾ ਪਖੰਡੀਆਂ ਦੇ ਕਬੂਤਰ ਖਾਨੇ ਦਾ ਰੂਪ ਧਾਰਨ ਕਰ ਗਿਆ। ਹਜਾਰਾਂ ਦੀ ਗਿਣਤੀ ਵਿਚ ਪਖੰਡੀ ਸਾਧ ਤਹਿਖਾਨੇ ਵਿਚ ਕੈਦ ਹੋ ਗਏ। ਬਹੁਤੇ ਤਾਂ ਨਾਚੀਆਂ ਦੇ ਪਹਿਲੇ ਵਾਰ ਵਿਚ ਈ ਸੁੱਧ-ਬੁੱਧ ਗੁਆ ਬੈਠਦੇ ਤੇ ਕਦਮ ਤਾਲ ਨਾਲ ਨੱਚਦੇ-ਟੱਪਦੇ ਜਦ ਅਸ਼ਲੀਲ ਹਰਕਤਾਂ ਤੇ ਉਤਰਦੇ ਤਾਂ ਨਾਚੀਆਂ ਖੁਦ ਈ ਉਹਨਾਂ ਨੂੰ ਕਬੂਤਰ ਦੀ ਨਿਆਈਂ ਧੌਣੋਂ ਫੜ੍ਹ ਤਹਿਖਾਨੇ ਵਿਚ ਸੁੱਟ ਆਉਂਦੀਆਂ।

ਇੱਧਰ ਰਾਜੇ ਦਾ ਵੈਰਾਗ ਸਿਖਰਾਂ ਤੇ ਪਹੁੰਚ ਗਿਆ। ਕਈ ਮਹੀਨਿਆਂ ਤੋਂ ਉਹਦੀ ਹਾਲਤ ਦੀਵਾਨਿਆਂ ਵਰਗੀ ਹੋਈ ਪਈ ਸੀ। 'ਸੈਂਕੜੇ ਪਖੰਡੀ ਰੋਜ਼ਾਨਾ ਤਹਿਖਾਨੇ ਪਹੁੰਚ ਰਹੇ ਨੇ' ਸੁਣ-ਸੁਣ ਉਹਦਾ ਵੈਰਾਗ ਚਰਮ ਸੀਮਾ ਨੂੰ ਪਹੁੰਚਣ ਲੱਗਾ। ਉਹ ਹੈਰਾਨ ਹੋਣ ਲੱਗਾ। ਦੁਨੀਆਂ ਤੇ ਜਤ-ਸਤ, ਚਰਿੱਤਰ ਨਾਂ ਦੀ ਕੋਈ ਚੀਜ਼ ਹੈ ਵੀ ਏ ਜਾਂ ਨਿਰੀਆਂ ਕਪੋਲ-ਕਪਲਨਾਵਾਂ ਨੇ ਐਸੀਆਂ ਗੱਲਾਂ। ਖੈਰ ਉਹਨੂੰ ਮਨਸੁੱਖ ਦੇ ਬਚਨਾਂ ਤੇ ਪੂਰਾ ਵਿਸ਼ਵਾਸ਼ ਸੀ ਕਿ ਗੁਰੂ-ਗੁਰੂ ਜਪਿਆਂ ਗੁਰੂ ਜ਼ਰੂਰ ਬਹੁੜਦਾ ਏ। ਅਜਿਹੀਆਂ ਸੋਚਾਂ ਵਿਚ ਘਿਰਿਆ ਉਹ ਹੋਰ ਤੀਬਰ ਵੇਗ ਨਾਲ ਗੁਰੂ-ਗੁਰੂ ਜਪਣ ਲੱਗਦਾ।

ਸਮਾਂ ਬੀਤਦਾ ਗਿਆ। ਇਕ ਦਿਨ ਅਚਾਨਕ ਨਾਚੀਆਂ ਨੇ ਪੂਰੇ ਵੇਗ ਨਾਲ ਗਾਉਣਾ ਸ਼ੁਰੂ ਕੀਤਾ। ਉਹਨਾਂ ਦੇ ਕਦਮਾਂ ਦੀ ਤਾਲ ਤਿੱਖੀ ਹੋਣ ਲੱਗੀ। ਵੱਜਦੀ ਢੋਲਕ ਤੇ ਛੈਣਿਆਂ ਦੀ ਛਣਕਾਰ ਹੋਰ ਤਿੱਖੀ ਹੋ ਗਈ। ਢੋਲਕੀ ਦੀ ਧਕ-ਧਕ ਤੇ ਛੈਣਿਆਂ ਦੀ ਛਣ-ਛਣ ਸਾਰੇ ਰਾਜ ਮਹਿਲ 'ਚ ਗੂੰਜਣ ਲੱਗੀ। ਸਾਰਾ ਵਾਤਾਵਰਨ ਨਸ਼ਿਆਇਆ ਜਾਣ ਲੱਗਾ। ਅੰਦਰ ਦੀ ਬਾਤ ਸਿਰਫ ਅੰਦਰ ਦੇ ਈ ਜਾਣਦੇ ਸਨ ਕਿ ਕੀ ਭਾਣਾ ਵਰਤਣ ਜਾ ਰਿਹਾ ਏ। ਰਾਜੇ ਦੇ ਹੁਕਮਾਂ ਦੀ ਤਾਮੀਲ ਜੂ ਹੋ ਰਹੀ ਸੀ ਪਰ ਕਦਮਾਂ ਦੀ ਤਿੱਖੀ ਚਾਲ ਤੇ ਘੁੰਗਰੂਆਂ ਦੀ ਛਣਕਾਰ ਜਿਥੋਂ ਤੱਕ ਤੇ ਜੀਹਦੇ ਤੱਕ ਵੀ ਪਹੁੰਚ ਰਹੀ ਸੀ ਸਭ ਕਿਸੇ ਦੇ ਪੈਰ ਆਪ ਮੁਹਾਰ ਥਿਰਕ ਰਹੇ ਸਨ।

ਅੰਦਰ ਨਾਚੀਆਂ ਪੂਰੇ ਵਜਦ 'ਚ ਸਨ। ਉਹ ਸਾਹਮਣੇ ਬੈਠੇ ਫਕੀਰ ਨੂੰ ਭ੍ਰਮਾਉਣ ਲਈ ਹਰ ਹੀਲਾ ਵਰਤ ਰਹੀਆਂ ਸਨ। ਪਰ ਇਹ ਫਕੀਰ ਦੂਜਿਆਂ ਦੀ ਤਰ੍ਹਾਂ ਸੰਗੀਤ

ਤੋਂ ਕੋਰਾ ਨਹੀਂ ਸੀ। ਫਕੀਰ ਨੇ ਆਉਂਦਿਆਂ ਈ ਆਪਣੇ ਸਾਥੀ ਨੂੰ ਹੁਕਮ ਦੇ ਦਿੱਤਾ ਸੀ "ਮਰਦਾਨਿਆ! ਰਬਾਬ ਛੇੜ।" ਸਾਥੀ ਮਰਦਾਨੇ ਨੇ ਇਲਾਹੀ ਰਾਗ ਛੇੜ ਦਿੱਤਾ ਸੀ ਤੇ ਏਧਰ ਫਕੀਰ ਨੇ ਵਜਦ 'ਚ ਗਾਉਣਾ ਸ਼ੁਰੂ ਕਰ ਦਿੱਤਾ ਸੀ "ਸੁਰਗੈ ਦੀਆਂ ਮੋਹਣੀਆਂ ਇਸਤਰੀਆਂ ਹੋਵਨਿ, ਨਾਨਕ ਸਭੋ ਜਾਉ ॥
ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ ॥

ਇਕ ਪਹਿਰ, ਦੋ ਪਹਿਰ, ਤਿੰਨ ਪਹਿਰ.......

..............ਤੇ ਫਿਰ ਪੂਰੇ ਅੱਠ ਪਹਿਰ ਕਸੁੰਭੜਾ ਤੇ ਮਜੀਠੜਾ ਦੋਨੋਂ ਰੰਗ ਆਪਸ ਵਿਚ ਟਕਰਾਉਂਦੇ ਰਹੇ। ਆਖਰਕਾਰ ਮਜੀਠੜੇ ਦੀ ਜਿੱਤ ਹੋਈ। ਢੋਲਕੀਆਂ ਦੇ ਪੁੜੇ ਪਾਟ ਗਏ। ਵੱਜ-ਵੱਜ ਕੇ ਛੈਣੇ ਟੁੱਟ ਗਏ। ਨੱਚ-ਨੱਚ ਕੇ ਨਾਚੀਆਂ ਦੀਆਂ ਅੱਡੀਆਂ 'ਚੋਂ ਖ਼ੂਨ ਸਿੰਮ ਗਿਆ। ਉਹ ਹਾਲੋਂ ਬੇਹਾਲ ਹੋਈਆਂ ਬਰਫ਼ ਦੀ ਨਿਆਈਂ ਸਮਾਧੀ ਰਤ ਫਕੀਰ ਦੇ ਚਰਨਾਂ ਤੇ ਢਹਿ-ਢੇਰੀ ਹੋ ਗਈਆਂ। ਪਰ ਫਕੀਰ ਕਈ ਪਹਿਰਾਂ ਤੋਂ ਹਾਲੇ ਵੀ ਉਸੇ ਵਜਦ ਨਾਲ ਇਕ-ਟਕ-ਇਕ ਰਸ ਗਾਈ ਜਾ ਰਿਹਾ ਸੀ।

"ਮਤ ਦੇਖ ਭੂਲਾ ਵੀਸਰੈ....ਤੇਰਾ ਚਿਤਿ ਨਾ ਆਵੈ ਨਾਉ।"

ਉਹਦੀਆਂ ਅੱਖਾਂ ਮੁੰਦੀਆਂ ਹੋਈਆਂ ਸਨ। ਤਾਰ ਤੇ ਫਿਰਦੇ ਪੋਟੇ ਕੋਈ ਰੱਬੀ ਕਰਮ ਜਾਪ ਰਹੇ ਸਨ।

ਲੰਮੇ ਸਮੇਂ ਤੋਂ ਨੀਰ ਵਹਾ-ਵਹਾ ਕਦਮਾਂ ਤੇ ਢਹੀਆਂ ਮੋਹਣੀਆਂ ਇਸਤਰੀਆਂ ਫਕੀਰ ਦੇ ਕਮਲ ਨੈਣ ਖੁੱਲ੍ਹਣ ਦੀ ਉਡੀਕ 'ਚ ਸਨ।

ਆਖਰਕਾਰ ਫ਼ਕੀਰ ਵਜ਼ਦ 'ਚੋਂ ਬਾਹਰ ਆਇਆ। ਫਕੀਰ ਦੇ ਬੋਲ ਕਚਨਾਰ ਦੇ ਫੁੱਲਾਂ ਵਾਂਗੂੰ ਆਪ ਮੁਹਾਰੇ ਝੜਨ ਲੱਗੇ "ਪੁੱਤਰੀਓ! ਤੁਸੀਂ ਕੀ ਚਾਹੁੰਦੀਆਂ ਓ।"

ਫ਼ਕੀਰ ਦੇ ਮੁਖਾਰਬਿੰਦ 'ਚੋਂ ਨਿਕਲੇ 'ਪੁੱਤਰੀਓ' ਲਫ਼ਜ਼ ਨੇ ਉਹਨਾਂ ਦਾ ਜਜ਼ਬਾਤੀ ਕੜ ਤੋੜ ਦਿੱਤਾ। ਪਰਲ-ਪਰਲ ਵਹਿੰਦੇ ਹੰਝੂਆਂ ਦਾ ਹੜ੍ਹ ਆ ਗਿਆ।

ਸਚਮੁੱਚ ਧਰਤੀ ਤੇ ਪਹਿਲਾ ਮਨੁੱਖ ਸੀ ਜੀਹਨੇ ਉਹਨਾਂ ਨੂੰ ਪੁੱਤਰੀਆਂ ਦੀ ਸੰਗਿਆ ਦਿੱਤੀ ਸੀ। ਸੰਗਿਆ ਈ ਨਹੀਂ ਸਗੋਂ ਤੱਕਿਆ ਵੀ ਪੁੱਤਰੀਆਂ ਦੀ ਹੈਸੀਅਤ ਨਾਲ ਈ ਸੀ। ਉਹਨਾਂ ਦੀਆਂ ਅੱਖਾਂ ਮੂਹਰੇ ਹਜਾਰਾਂ ਉਹ ਦੰਭੀ ਘੁੰਮਣ ਲੱਗੇ ਜਿਹੜੇ ਪਹਿਲੀ ਈ ਅਦਾ 'ਚ ਕਾਇਲ ਹੋਏ ਉਹਨਾਂ ਦੇ ਸਰੀਰਾਂ ਨੂੰ ਭੋਗਣ ਲਈ ਬੇਤਾਬ ਸਨ ਪਰ ਏਧਰ ਏਸ ਰਹਿਬਰ ਦੀ ਸਮ-ਦ੍ਰਿਸ਼ਟੀ ਨੇ ਉਹਨਾਂ ਨੂੰ ਵੈਰਾਗ ਵਿਚ ਲੈ ਆਂਦਾ ਸੀ। ਉਹ ਆਪਣਾ-ਆਪ ਭੁੱਲ ਕੇ ਫਕੀਰ ਦੇ ਚਰਨਾਂ ਦੀਆਂ ਭੌਰੀਆਂ ਹੋ ਚੁੱਕੀਆਂ ਸਨ। ਢੋਲਕੀਆਂ ਛੈਣੇ ਛੱਡ ਫਕੀਰ ਦੇ ਚਰਨਾਂ ਤੇ ਡਿੱਗ ਕੇ ਫ਼ਰਿਆਦ ਕਰਨ ਲੱਗੀਆਂ "ਮਹਾਰਾਜ! ਅਸੀਂ ਗੁਨਾਹਗਾਰ ਆਂ। ਸਾਡੇ ਗੁਨਾਹ ਬਖਸ਼ੋ। ਗਨਿਕਾ ਦਾ ਮਾਣ ਰੱਖਿਆ ਸੀ। ਹੁਣ ਏਸ ਯੁੱਗ ਵਿਚ ਸਾਡਾ ਵੀ ਰੱਖੋ। ਸਾਨੂੰ ਉਹ ਇਲਾਹੀ ਸ਼ਬਦ ਬਖ਼ਸ਼ੋ ਜੀਹਦੇ ਸਹਾਰੇ ਤੁਸੀਂ ਏਸ ਢੋਲਕੀਆਂ-ਛੈਣਿਆਂ ਦੇ ਕੰਨ ਪਾੜਵੇਂ ਸ਼ੋਰ ਦੇ ਬਾਵਜੂਦ ਵੀ ਉਸ ਉਚਤਮ ਇਲਾਹੀ ਅਵਸਥਾ ਨੂੰ ਪਹੁੰਚੇ ਤੇ ਅਡੋਲ ਰਹੇ ਓ।"

ਡਿਉਢੀ 'ਚ ਅਚਾਨਕ ਪਸਰੀ ਚੁੱਪ ਆਪਣੇ ਆਪ ਵਿਚ ਐਲਾਨ ਸੀ ਕਿ ਕੋਈ ਸ਼ਾਂਤ ਰਸ ਦਾ ਸੁਆਮੀ ਰਾਜ ਦਰਬਾਰ ਵਿਚ ਪਹੁੰਚ ਚੁਕਿਆ ਏ। ਜੀਹਦੇ ਕਦਮਾਂ ਦੀ ਆਹਟ ਸੁਣ ਕੇ ਛੈਣੇ-ਖੜਤਾਲਾਂ ਦੀ ਧੁਨਕਾਰ ਸ਼ਹਿ ਵੱਟ ਬੈਠੀ ਏ।

ਦੌੜਦਾ ਹੋਇਆ ਸ਼ਿਵਨਾਭਿ ਹਾਲ-ਦਰਬਾਰ ਵਿਚ ਪਹੁੰਚਿਆ। ਪਾਟੀ ਹੋਈ ਢੋਲਕੀ ਤੇ ਟੁੱਟੇ ਹੋਏ ਘੁੰਗਰੂ ਉਹਦੇ ਸਾਹਮਣੇ ਸਨ। ਚਰਨਾਂ ਤੇ ਹੱਥ ਜੋੜੀ ਬੈਠੀਆਂ ਨਾਚੀਆਂ ਵੇਖ ਕੇ ਉਹਨੂੰ ਪਛਾਨਣ 'ਚ ਦੇਰ ਨਾ ਲੱਗੀ ਕਿ ਜਿਸ ਗੁਰੂ ਬਾਬੇ ਲਈ ਉਹ ਚਿਰਾਂ ਤੋਂ ਤੜਪ ਰਿਹਾ ਸੀ ਉਹ ਗੁਰੂ ਬਾਬਾ ਉਹਦੇ ਸਾਹਮਣੇ ਸੀ। ਉਹ ਧਾ ਕੇ ਗੁਰੂ ਬਾਬੇ ਦੇ ਚਰਨਾਂ ਤੇ ਢਹਿ ਪਿਆ।

ਸਦੀਆਂ ਦਾ ਵੈਰਾਗ ਹੰਝੂ ਬਣ-ਬਣ ਗੁਰੂ ਬਾਬੇ ਦੇ ਚਰਨਾਂ ਤੋਂ ਸਦਕੇ ਜਾ ਰਿਹਾ ਸੀ।

98157-58466

****

ਇਕ ਪੱਤਰ ਸੰਪਾਦਕ ਦੇ ਨਾਂ

ਜਸਵੰਤ ਸਿੰਘ ਜੈਪੁਰ

ਪਰਮ ਸਤਿਕਾਰਯੋਗ ਪ੍ਰਿੰਸੀਪਲ ਨਸੀਬ ਸਿੰਘ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਗੁਰਬਾਣੀ ਦਾ ਫੁਰਮਾਨ ਹੈ-ਜਗਿ ਗਿਆਨੀ ਵਿਰਲਾ ਆਚਾਰੀ॥ ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥412॥

ਅੱਜ ਦੇ ਯੁੱਗ ਨੂੰ ਵਿਗਿਆਨ ਦਾ ਯੁੱਗ ਕਿਹਾ ਜਾਂਦਾ ਹੈ। ਮਨੁੱਖਤਾ ਆਪ ਦੇ ਆਪ ਨੂੰ ਜਗਤ ਗੁਰੂ ਬਾਬੇ ਨਾਨਕ ਨਾਲੋਂ ਜ਼ਿਆਦਾ ਸਿਆਣਾ ਸਮਝਦੀ ਹੈ, ਗੁਰੂ ਗ੍ਰੰਥ ਸਾਹਿਬ ਦਾ ਫਲਸਫਾ ਸੱਚ 'ਤੇ ਅਧਾਰਤ ਹੈ ਕਹਿਣ ਦਾ ਭਾਵ ਸਿੱਖ ਧਰਮ ਦੀ ਨੀਂਹ ਸੱਚ 'ਤੇ ਰੱਖੀ ਸੀ ਤੇ ਸੱਚ 'ਤੇ ਟਿਕੀ ਹੋਈ ਹੈ। ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥955॥ ਗੁਰਬਾਣੀ ਨੂੰ ਬਹੁਤ ਘੱਟ ਲੋਕ ਪੜ੍ਹਦੇ ਹਨ ਤੇ ਵਿਚਾਰਦੇ ਹਨ। ਜੋ ਵਿਚਾਰਦੇ ਹਨ ਉਹ ਅਮਲ ਨਹੀਂ ਕਰਦੇ।

ਜੋ ਰਚਨਾਂ ਅਕਾਲ ਪੁਰਖ ਨੇ ਸਾਜੀ ਹੈ ਇੱਕ ਛਲਾਵਾ ਤੇ ਕੂੜ ਹੈ ਤੇ ਨਾਸ਼ਵਾਨ ਹੈ। ਗੁਰੂ ਨਾਨਕ ਸਾਹਿਬ ਨੇ ਇਸ ਨੂੰ ਕੂੜ ਦੀ ਸੰਗਿਆ ਦਿੱਤੀ ਹੈ:

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰ॥
ਕੂੜੁ ਸੁਇਨਾ ਕੂੜੁ ਰੂਪਾ ਕੂੜੁ ਪੈਨ੍ਹਣਹਾਰ॥
ਕੂੜੁ ਕਾਇਆ ਕੂੜੁ ਕਪੜੁ॥ ਕੂੜੁ ਰੂਪੁ ਅਪਾਰੁ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥468॥

ਅੱਜ ਦੇ ਯੁੱਗ ਨੇ ਇਸ ਕੂੜ ਨੂੰ ਸੱਚ ਸਮਝ ਲਿਆ ਹੈ ਤੇ ਇਸ ਕੂੜ ਵਿੱਚ ਡੁੱਬ ਗਏ ਹਨ। ਮਨੁੱਖਤਾ ਰਸਾਂ ਭੋਗਾਂ ਵਿੱਚ ਡੁੱਗ ਗਈ ਹੈ। ਇਨ੍ਹਾਂ ਰਸਾਂ ਭੋਗਾਂ ਨੂੰ ਮਾਨਣ ਤੇ ਪਰਾਪਤ ਕਰਨ ਲਈ ਦਿਨ ਰਾਤ ਪੱਬਾਂ ਭਾਰ ਭੱਜੀ ਫਿਰਦੀ ਹੈ। (ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥230॥ ਸੰਸਾਰ ਸੁੱਖ ਪਰਾਪਤ ਕਰਕੇ ਵੀ ਦੁਖੀ ਹੈ। ਸੱਚ ਦੇ ਆਚਰਨ ਤੋਂ ਡਿੱਗ ਪਈ ਹੈ। (ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥452॥ ਇਹ ਹੀ ਕਾਰਨ ਹੈ ਕਿ ਹਰ ਪੱਖੋਂ ਸਾਡੇ ਵਿੱਚ ਗਿਰਾਵਟ ਆ ਗਈ ਹੈ। ਮਨੁੱਖ, ਮਨੁੱਖ ਦਾ ਵੈਰੀ ਤੇ ਵਿਰੋਧੀ ਹੋ ਗਿਆ ਹੈ। ਇਥੋਂ ਤੱਕ ਕਿ ਖ਼ੂਨੀ ਰਿਸ਼ਤਿਆਂ ਵਿੱਚ ਦਰਾਰ ਆ ਗਈ ਹੈ। ਕੋਈ ਕਿਸੇ ਦਾ ਸਕਾ ਨਹੀਂ ਰਿਹਾ, ਮਾਇਆ ਹੀ ਸਕੀ ਹੈ। ਮਾਇਆ ਘੁਣ ਵਾਂਙ ਸਿੱਖ ਧਰਮ ਨੂੰ ਚੁੰਬੜ ਕੇ ਵਿਚੋਂ ਵਿੱਚ ਸਿਉਂਕ ਵਾਂਙੂ ਖਾਈ ਜਾ ਰਹੀ ਹੈ। ਗੁਰੂ ਨਾਨਕ ਦੇਵ ਜੀ ਦੂਰ ਅੰਦੇਸ਼ੀ ਸਨ। ਅੱਜ ਦੇ ਹਾਲਾਤਾਂ 'ਤੇ ਸਾਨੂੰ ਸੋਝੀ ਦਿੱਤੀ ਸੀ। ਇਸ ਰਚਨਾਂ ਨੂੰ ਕੂੜ ਦੀ ਕੰਧ ਨੂੰ ਸੱਚ ਨਾ ਸਮਝਣਾ। ਕਹਿਣ ਦਾ ਭਾਵ ਸੀ ਕਿ ਇਸ ਕੂੜ ਦੇ ਵਿੱਚ ਗ੍ਰਸਤ ਨਹੀਂ ਹੋਣਾ। ਇਸ ਕੂੜ ਵਿੱਚ ਰਹਿੰਦਿਆਂ ਤੇ ਵਿਚਰਦਿਆਂ ਹੋਇਆ, ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾਂ ਸੰਗਤ ਦੀ ਭਲਾਈ 'ਤੇ ਲਾ ਦੇਣਾ, ਸਿੱਖ ਧਰਮ ਦੇ ਮੂਲ ਸਿਧਾਂਤ ਦੱਸੇ।


ਅੱਜ ਦੇ ਸਾਡੇ ਗੁਰਦੁਆਰੇ ਸਾਹਿਬ ਵਿਚੋਂ ਸਾਨੂੰ ਗੁਰਬਾਣੀ ਰਾਹੀਂ ਜੀਵਨ ਜਾਂਚ ਦਾ ਉਪਦੇਸ਼ ਮਿਲਣਾ ਸੀ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਜਿਸ ਨਾਲ ਸਾਡੀ ਜੀਵਨ ਯਾਤਰਾ ਸੁਖਦਾਈ ਤੇ ਸਫਲ ਹੋਵੇ, ਕਰਮਕਾਂਡਾਂ ਦਾ ਸੈਂਟਰ ਬਣ ਗਏ ਹਨ। ਗੁਰਪੁਰਬ ਰਸਮੀ ਤੌਰ 'ਤੇ ਮਨਾਏ ਜਾਂਦੇ ਰਹੇ ਹਨ ਤੇ ਮਨਾਏ ਜਾ ਰਹੇ ਹਨ। ਇਹ ਸਿਲਸਿਲਾ ਅੱਗੇ ਵੀ ਜਾਰੀ ਰਹਿਣ ਵਾਲਾ ਹੈ। ਗਿਆਨੀਆਂ ਧਿਆਨੀਆਂ ਤੇ ਗੁਰਦੁਆਰਾ ਪ੍ਰਬੰਧਕਾਂ ਨੇ ਕਮਾਈ ਦਾ ਸਾਧਨ ਬਣਾ ਲਿਆ ਹੈ। (ਪੰਡਿਤ ਵਾਚਹਿ ਪੋਥੀਆਂ ਨਾ ਬੂਝਹਿ ਵੀਚਾਰੁ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥55॥

ਸੋ ਜੋ ਭਾਵਨਾ ਸ਼ਰਧਾ ਸਿੱਖ ਧਰਮ ਲਈ ਆਪ ਜੀ ਵਿੱਚ ਹੈ ਮੈਂ ਉਸ ਨੂੰ ਸਲੂਟ ਕਰਦਾ ਹਾਂ। ਮੇਰੀ ਭੀ ਹਾਲਤ ਤੁਹਾਡੇ ਵਰਗੀ ਹੋ ਗਈ ਹੈ। ਮੇਰੇ ਤਾਂ ਮਨ ਦੀ ਸਥਿਤੀ ਡੁੱਬਦੀ ਹੋਈ ਕਸ਼ਤੀ ਦੇ ਮਲਾਹ ਵਰਗੀ ਹੋ ਗਈ ਹੈ। ਕਈ ਵਾਰ ਸੋਚਦਾ ਹਾਂ, ਇਹ ਸੱਭ ਕੁਝ ਸੋਚਣਾ, ਵਿਚਾਰਨਾਂ ਤੇ ਫਿਰ ਕਲਮ ਬੰਦ ਕਰਨਾ ਛੱਡ ਦਿਆਂ। ਕੂੜ ਦੀ ਮੱਸਿਆ ਤੇ ਸੱਚ ਦਾ ਚੰਦਰਮਾ ਮੁਸ਼ਕਲ ਜਾਪਦਾ ਹੈ। ਸੰਸਾਰ ਦਾ ਵਹਿਣ ਪਦਾਰਥ ਵਾਦ ਵਿੱਚ ਵਹਿ ਰਿਹਾ ਹੈ ਜਾਂ ਡੁੱਬ ਗਿਆ ਹੈ। ਰਚਨਾਂ ਨਿਯਮ ਬੱਧ ਹੈ। ਪਰ ਮੱਛੀ ਪੱਥਰ ਚੱਟ ਕੇ ਹੀ ਮੁੜਦੀ ਹੈ। ਰੱਬ ਭਲੀ ਕਰੇ।

09462220067

****

.........ਜਿਨਿ ਸਿਰਿਆ ਤਿਨੈ ਸਵਾਰਿਆ



ਰਮੇਸ਼ ਬੱਗਾ ਚੋਹਲਾ

15ਵੀਂ ਸਦੀ ਵਿਚ ਉੱਭਰਿਆ ਸਿੱਖ ਧਰਮ ਨਵੀਨ ਅਤੇ ਵਿਲੱਖਣ ਕਦਰਾਂ ਕੀਮਤਾਂ ਦਾ ਤਰਜ਼ਮਾਨ ਰਿਹਾ ਹੈ। ਇਸ ਦੇ ਰਹਿਬਰਾਂ ਨੇ ਜਿੱਥੇ ਸਦੀਵੀਂ ਤੌਰ 'ਤੇ ਉਸ ਮਾਲਕ ਨੂੰ ਹਿਰਦੇ ਵਿਚ ਵਸਾਉਣ ਦੀ ਗੱਲ ਕੀਤੀ ਹੈ ਉਥੇ ਕਿਰਤ ਨੂੰ ਵਡਿਆਉਂਦਿਆਂ ਹੋਇਆਂ ਇਸ ਨੂੰ ਆਪਸ ਵਿਚ ਵੰਡ ਕੇ ਛਕਣ ਦੀ ਹਾਮੀ ਵੀ ਚੰਗੀ ਤਰ੍ਹਾਂ ਭਰੀ ਹੈ। ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਸਮਿਆਂ ਵਿਚ ਕੁਝ ਅਜਿਹੀਆਂ ਕਲਿਆਣਕਾਰੀ ਪਿਰਤਾਂ ਪਾਈਆਂ ਹਨ ਜੋ ਇਸ ਜੱਗ ਨੂੰ 'ਸਚੈ ਕੀ ਹੈ ਕੋਠੜੀ' ਮੰਨ ਕੇ ਮਨੁੱਖ ਨੂੰ ਸੱਚਾ ਅਤੇ ਸੁੱਚਾ ਵਿਹਾਰ ਕਰਨ ਲਈ ਪ੍ਰੇਰਦੀਆਂ ਰਹਿੰਦੀਆਂ ਹਨ। ਇਹ ਪਿਰਤਾਂ ਮਨੁੱਖ ਨੂੰ ਅੰਧਕਾਰਮਈ ਪੈਂਡਿਆਂ ਤੋਂ ਮੁੜ ਕੇ ਉਜਿਆਰੇ ਮਾਰਗ ਦਾ ਪਾਂਧੀ ਬਣਾਉਂਦੀਆਂ ਆ ਰਹੀਆਂ ਹਨ। ਸਿੱਖ ਧਰਮ ਵਿਸ਼ੇਸ਼ ਰੂਪ ਵਿਚ ਆਪਸੀ ਮੁਹੱਬਤ, ਸਦਭਾਵਨਾ ਅਤੇ ਸਹਿਣਸ਼ੀਲਤਾ ਵਾਲੀ ਸੁਰ ਪੈਦਾ ਕਰਨ ਵਾਲਾ ਇਕ ਅਜਿਹਾ ਧਰਮ ਹੈ ਜੋ ਸੰਸਾਰ ਦੇ ਚੋਣਵੇਂ ਧਰਮਾਂ ਵਿਚ ਇਕ ਅਹਿਮ ਸਥਾਨ ਰੱਖਦਾ ਹੈ। ਇਹ ਧਰਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਧਾਰਿਤ ਕੀਤੀ ਜੀਵਨ-ਜਾਚ ਅਨੁਸਾਰ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਦੇ ਅਨੁਸਾਰ ਇੱਕੋ (ਨਾਨਕ) ਜੋਤ ਵਿੱਚੋਂ ਨੌਂ ਗੁਰੂ ਸਾਹਿਬਾਨ ਦੇ ਰਾਹੀਂ ਪ੍ਰਫੁੱਲਿਤ ਹੋਇਆ ਹੈ। ਇਨ੍ਹਾਂ ਗੁਰੂ ਸਾਹਿਬਾਨ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਸਿੱਖ ਧਰਮ ਨੇ ਇਕ ਨਵੀਨ ਅਤੇ ਆਦਰ ਪੂਰਵਕ ਜੀਵਨ-ਜੁਗਤ ਜਿਵੇਂ ਭਗਤੀ ਤੋਂ ਸ਼ਕਤੀ ਦਾ ਸੁਮੇਲ, ਵਰਣ ਵੰਡ ਨੂੰ ਰੱਦ ਕਰਨ ਵਾਲੀ ਇਨਕਲਾਬੀ ਸੋਚ, ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀ ਗੁਰਬਾਣੀ, ਅਤੇ ਮਿਲ-ਬੈਠ ਕੇ ਦੁਬਿਧਾ ਦੂਰ ਕਰਨ ਵਾਲੀ ਪਹੁੰਚ ਨਾਲ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ। ਇਸ ਤਰ੍ਹਾਂ ਦੀ ਕਾਮਨਾ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਸਨ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ।

ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ, ਦਾ ਜਨਮ 24 ਸਤੰਬਰ 1534 ਈ: ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ਼ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਪਲੇਠਾ ਪੁੱਤਰ ਹੋਣ ਕਰਕੇ ਇਨ੍ਹਾਂ ਦਾ ਨਾਮ ਭਾਈ ਜੇਠਾ ਜੀ ਹੋ ਗਿਆ। ਜਿਸ ਦਿਨ ਭਾਈ ਜੇਠਾ ਜੀ ਦਾ ਜਨਮ ਹੋਇਆ ਉਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਨਿਆਵੀ ਉਮਰ ਲੱਗਭਗ 65 ਸਾਲ, ਸ੍ਰੀ ਗੁਰੂ ਅਮਰਦਾਸ ਜੀ ਦੀ 55 ਸਾਲ ਅਤੇ ਭਾਈ ਲਹਿਣਾ ਜੀ ਦੀ 30 ਸਾਲ ਸੀ। ਭਾਵੇਂ ਚਾਰੇ ਗੁਰੂ ਸਾਹਿਬਾਨ ਜਿਸਮਾਨੀ ਤੌਰ 'ਤੇ ਮੌਜੂਦ ਸਨ ਪਰ ਮਿਲਾਪ ਅਜੇ ਪਹਿਲੀ ਪਾਤਸ਼ਾਹੀ ਅਤੇ ਭਾਈ ਲਹਿਣਾ ਜੀ ਦਾ ਹੀ ਹੋਇਆ ਸੀ। ਭਾਈ ਜੇਠਾ ਜੀ ਅਜੇ ਬਚਪਨ ਦੀਆਂ ਦਹਿਲੀਜ਼ਾਂ ਉਪਰ ਹੀ ਵਿਚਰ ਰਹੇ ਸਨ ਕਿ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਸ੍ਰੀ ਹਰਿਦਾਸ ਜੀ ਇਸ ਦੁਨੀਆ ਤੋਂ ਕੂਚ ਕਰ ਗਏ। ਜਦੋਂ ਆਪ ਦੁਨਿਆਵੀ ਤੌਰ 'ਤੇ ਯਤੀਮ ਹੋ ਗਏ ਤਾਂ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਲਾਹੌਰ ਤੋਂ ਦੋਹਤੇ ਦੇ ਆਪਣੇ ਨਾਨਕੇ ਘਰ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਪਿੰਡ ਦੇ ਬਹੁਤ ਸਾਰੇ ਨੇਕ ਪੁਰਸ਼ ਅਤੇ ਔਰਤਾਂ ਬਾਲਕ ਜੇਠੇ ਦਾ ਧੀਰ ਧਰਾਉਣ

ਲਈ ਆਉਣ ਲੱਗੇ। ਇਨ੍ਹਾਂ ਧੀਰ ਧਰਾਉਣ ਵਾਲਿਆਂ ਵਿਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਸਨ। ਉਨ੍ਹਾਂ ਦੇ ਕੋਮਲ ਹਿਰਦੇ 'ਤੇ ਭਾਈ ਜੇਠੇ ਦੀ ਦੁਖਦਾਈ ਸਥਿਤੀ ਦਾ ਬੜਾ ਡੂੰਘਾ ਅਸਰ ਹੋਇਆ। ਇਸ ਅਸਰ ਕਰਕੇ ਉਨ੍ਹਾਂ ਦੀ ਆਪਸੀ ਨੇੜਤਾ ਕਾਫੀ ਵਧਣ ਲੱਗ ਪਈ।

ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ ਅਤੇ ਇਨ੍ਹਾਂ ਦੀ ਵੱਟਕ ਨਾਲ ਆਪਣੀ ਅਤੇ ਨਾਨੀ ਜੀ ਦੀ ਉਦਰ-ਜਵਾਲਾ ਸ਼ਾਂਤ ਕਰਿਆ ਕਰਦੇ ਸਨ। ਇਸ ਸਮੇਂ ਦੌਰਾਨ ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਕਦੇ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਅਤੇ ਘੰਟਿਆਂ ਬੱਧੀ ਦੁਨਿਆਵੀ ਅਤੇ ਇਲਾਹੀ ਗੱਲਾਂ ਹੁੰਦੀਆਂ ਰਹਿੰਦੀਆਂ। ਜਦੋਂ ਗੋਂਦੇ ਖੱਤਰੀ ਦੀ ਬੇਨਤੀ 'ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਅਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਈ। ਉਸ ਵਕਤ ਉਨ੍ਹਾਂ ਦੀ ਆਯੂ ਕੋਈ 12 ਕੁ ਸਾਲ ਦੀ ਸੀ। ਅਵਸਥਾ ਭਾਵੇਂ ਅਜੇ ਬਾਲਪਨ ਵਾਲੀ ਹੀ ਸੀ ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਭਾਵ ਸਦਕਾ ਸੂਝ ਵਿਚ ਪਕਿਆਈ ਆ ਰਹੀ ਸੀ। ਇਸ ਪਕਿਆਈ ਸਦਕਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਰੰਗਤ ਭਾਈ ਜੇਠਾ ਜੀ 'ਤੇ ਖੂਬ ਚੜ੍ਹਨ ਲੱਗੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ ਵਿਚ ਰੱਖਿਆ ਅਤੇ ਉਨ੍ਹਾਂ ਸਾਰੇ ਗੁਣਾਂ ਨੂੰ ਵਾਚਿਆ ਸੀ ਜੋ ਕਿਸੇ ਉਚੇਚੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਜ਼ਰੂਰੀ ਹੁੰਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਇਸ ਬਖ਼ਸ਼ਿਸ਼ ਨਾਲ ਭਾਈ ਜੇਠਾ ਜੀ ਗੁਰੂ-ਦਰਬਾਰ ਦੇ ਨਾਲ-ਨਾਲ ਗੁਰੂ-ਪਰਿਵਾਰ ਦੇ ਅੰਗ ਬਣ ਗਏ। ਜਦੋਂ 1557 ਈ: ਵਿਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖਤਮ ਕਰਨ ਦਾ ਬੀੜਾ ਚੁੱਕਿਆ ਤਾਂ ਕੁਝ ਗੁਰੂ-ਘਰ ਦੇ ਦੋਖੀਆਂ ਅਤੇ ਸਮਾਜ ਵਿਰੋਧੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਵਿੱਚੋਂ ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂਕਿਆਂ ਦੇ ਖ਼ਿਲਾਫ਼ ਕੰਨ ਭਰ ਦਿੱਤੇ। ਆਪਣੀ ਸ਼ੰਕਾ ਨਵਿਰਤੀ ਅਤੇ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜ ਦਿੱਤਾ। ਬਿਰਧ ਸਰੀਰ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਦੀ ਡਿਊਟੀ ਲਗਾ ਦਿੱਤੀ। ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਕਿ ਅਕਬਰ ਦੇ ਸਭ ਭਰਮ-ਭੁਲੇਖੇ ਦੂਰ ਹੋ ਗਏ।

ਦੁਨਿਆਵੀ ਪੱਖੋਂ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ ਪਰ ਇਸ ਰਿਸ਼ਤੇ ਦਾ ਉਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਗੁਮਾਨ ਨਹੀਂ ਸੀ। ਬਾਉਲੀ ਸਾਹਿਬ ਦੇ ਨਿਰਮਾਣ-ਕਾਰਜ ਸਮੇਂ ਉਹ ਵੀ ਇਕ ਨਿਮਾਣੇ ਸਿੱਖ ਵਾਂਗ ਸਿਰ 'ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਤਨ-ਮਨ ਨਾਲ ਸੇਵਾ ਵਿਚ ਲੀਨ ਸਨ ਤਾਂ ਲਾਹੌਰ ਤੋਂ ਉਨ੍ਹਾਂ ਦੇ ਸ਼ਰੀਕੇ-ਭਾਈਚਾਰੇ ਦੇ ਕੁਝ ਲੋਕ ਹਰਿਦੁਆਰ ਆਦਿ ਤੀਰਥਾਂ-ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹੋਏ ਸ੍ਰੀ ਗੋਇੰਦਵਾਲ ਵਿਖੇ ਆ ਗਏ। ਜਦੋਂ ਉਨ੍ਹਾਂ ਨੇ ਤੱਕਿਆ ਕਿ ਭਾਈ ਜੇਠਾ ਮਜ਼ਦੂਰਾਂ ਵਾਂਗੂ ਸਿਰ 'ਤੇ ਟੋਕਰੀ ਚੁੱਕੀ ਜਾ ਰਿਹਾ ਹੈ ਤਾਂ ਖ਼ਾਹਮਖ਼ਾਹ ਹੀ ਕ੍ਰੋਧਿਤ ਹੋ ਉੱਠੇ। ਕ੍ਰੋਧ ਵਿਚ ਆ ਕੇ ਉਹ ਸ਼ਿਸ਼ਟਾਚਾਰ ਦਾ ਪੱਲਾ ਵੀ ਛੱਡ ਬੈਠੇ। ਭਰੇ-ਪੀਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ ਕਿ, ''ਸਾਡੇ ਭਰਾ ਜੇਠੇ ਕੋਲੋਂ ਮਜ਼ਦੂਰੀ ਕਰਵਾ ਕੇ ਤੁਸੀਂ ਸਾਡੇ

ਮਾਨ-ਸਤਿਕਾਰ ਨੂੰ ਢਾਹ ਲਗਾਈ ਹੈ। ਤੁਹਾਡੇ ਇਸ ਵਤੀਰੇ ਨਾਲ ਸਾਨੂੰ ਬੜੀ ਨਮੋਸ਼ੀ ਹੋਈ ਹੈ।" ਆਪਣੇ ਸ਼ਰੀਕੇ-ਭਾਈਚਾਰੇ ਦੀਆਂ ਖਰਵੀਆਂ ਗੱਲਾਂ ਕਾਰਨ ਭਾਈ ਜੇਠਾ ਜੀ ਨੇ ਤੀਸਰੇ ਪਾਤਸ਼ਾਹ ਕੋਲੋਂ ਹੱਥ ਜੋੜ ਕੇ ਮੁਆਫੀ ਮੰਗ ਲਈ ਅਤੇ ਕਹਿਣ ਲੱਗੇ ਕਿ, "ਸੱਚੇ ਪਾਤਸ਼ਾਹ ਇਹ ਸਾਰੇ ਅਣਜਾਣ ਹਨ, ਇਨ੍ਹਾਂ ਦੀਆ ਕੌੜੀਆਂ-ਕੁਸੈਲੀਆਂ ਅਤੇ ਮਨ ਦੀ ਮੈਲੀਆਂ ਗੱਲਾਂ ਨੂੰ ਲੇਖੇ ਵਿਚ ਨਾ ਲਿਆਉਣਾ।" ਇਸ ਤਰ੍ਹਾਂ ਕਰਕੇ ਭਾਈ ਸਾਹਿਬ ਨੇ ਜਿੱਥੇ ਆਪਣੇ ਸ਼ਰੀਕੇ ਦੀ ਰੱਖ ਦਿਖਾਈ ਉਥੇ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਪਾਤਰ ਵੀ ਬਣ ਗਏ।

ਪਰਵਾਰਿਕ ਪੱਖੋਂ ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ (ਪੰਚਮ ਪਾਤਸ਼ਾਹ) ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਭਾਵੇਂ ਘਰ ਦਾ ਵੱਡਾ ਪੁੱਤਰ ਸੀ ਪਰ ਆਪਣੇ ਲਾਲਚੀ ਅਤੇ ਵਡਿਆਈ ਖ਼ੋਰੇ ਸੁਭਾਅ ਕਾਰਨ ਆਪਣੇ ਗੁਰੂ-ਪਿਤਾ ਦੀਆਂ ਖੁਸ਼ੀਆਂ (ਗੁਰਗੱਦੀ) ਲੈਣ ਤੋਂ ਵਾਂਝਾ ਰਹਿ ਗਿਆ। ਇਸ ਵਾਂਝੇਪਨ ਕਾਰਨ ਹੀ ਉਹ ਸਾਰੀ ਹਯਾਤੀ ਈਰਖਾ ਅਤੇ ਦਵੈਤ ਦੀ ਅੱਗ ਵਿਚ ਸੜਦਾ ਰਿਹਾ ਅਤੇ ਨਾਨਕ ਨਾਮ-ਲੇਵਾ ਸੰਗਤਾਂ ਦੀ ਨਫ਼ਰਤ ਦਾ ਪਾਤਰ ਬਣਦਾ ਰਿਹਾ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲਗਾਇਆ ਸਿੱਖੀ ਦਾ ਬੂਟਾ ਜਿਵੇਂ-ਜਿਵੇਂ ਜੋਬਨ 'ਤੇ ਹੋਈ ਜਾ ਰਿਹਾ ਸੀ ਇਸ ਦੀ ਮਹਿਕ ਵੀ ਦੂਰ-ਦੁਰਾਡੇ ਤਕ ਫੈਲਦੀ ਜਾ ਰਹੀ ਸੀ ਭਾਵ ਗੁਰੂ ਸਾਹਿਬਾਨ ਦੇ ਪਰਉਪਕਾਰੀ ਉਪਰਾਲਿਆਂ ਸਦਕਾ ਸਿੱਖਾਂ ਦੀ ਤਾਦਾਦ ਵਿਚ ਕਾਫ਼ੀ ਵਾਧਾ ਹੋਈ ਜਾ ਰਿਹਾ ਸੀ। ਇਸ ਵਾਧੇ ਕਾਰਨ ਹੀ ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਇਸ ਵਿਉਂਤਬੰਦੀ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ ਜਿਸ ਦੀ ਬਦੌਲਤ 'ਗੁਰੂ ਕਾ ਚੱਕ' ਇਕ ਚੰਗੀ ਰੌਣਕ ਵਾਲਾ ਨਗਰ ਬਣ ਗਿਆ। ਸ੍ਰੀ ਗੁਰੂ ਅਮਰਦਾਸ ਜੀ ਹੁਣ ਸਰੀਰਿਕ ਰੂਪ ਵਿਚ ਕਾਫੀ ਬਿਰਧ ਹੋ ਚੁੱਕੇ ਸਨ। ਆਪਣਾ ਸੱਚਖੰਡ ਵਾਪਸੀ ਸਮਾਂ ਨੇੜੇ ਆਇਆ ਜਾਣ ਕੇ ਉਨ੍ਹਾਂ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰ ਸੰਮਤ 1631 ਦੇ ਭਾਦਰੋਂ ਮਹੀਨੇ ਵਿਚ ਸਮੂਹ ਸੰਗਤ ਅਤੇ ਆਪਣੇ ਪਰਿਵਾਰ ਦੇ ਸਨਮੁਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ (ਗੁਰਗੱਦੀ ਦੇ ਕੇ) ਵਾਰਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ।

ਗੁਰਿਆਈ ਦੀ ਬਖ਼ਸ਼ਿਸ਼ ਕੋਈ ਛੋਟੀ ਜਾਂ ਸਧਾਰਨ ਗੱਲ ਨਹੀਂ ਸੀ ਕਿਉਂਕਿ ਸ੍ਰੀ ਗੁਰੂ ਰਾਮਦਾਸ ਜੀ ਨੂੰ ਉਹ ਰੱਬੀ ਤਖ਼ਤ ਦੀ ਪ੍ਰਾਪਤੀ ਹੋ ਗਈ ਸੀ ਜਿਸ ਦੇ ਅੱਗੇ ਰਾਜੇ-ਮਹਾਰਾਜਿਆਂ ਦਾ ਸੀਸ ਝੁਕਦਾ ਆ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿੱਚੋਂ ਇਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਦੇਖ ਕੇ ਆਪ ਵੈਰਾਗ ਵਿਚ ਆ ਗਏ ਅਤੇ ਬੋਲ ਉਠੇ :

ਜੋ ਹਮਰੀ ਬਿਧਿ ਹੋਤੀ,ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ॥

(ਅੰਗ 167)

. ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਮਾਝੇ ਦਾ ਇਲਾਕਾ ਜਾਗ ਪਿਆ। ਇਸ ਜਾਗ ਕਾਰਨ ਗੁਰੂ ਸਾਹਿਬ ਨੇ ਸੋਚਿਆ ਕਿ ਇਸ ਕੇਂਦਰੀ ਸਥਾਨ (ਸ੍ਰੀ ਅੰਮ੍ਰਿਤਸਰ ਸਾਹਿਬ) 'ਤੇ ਇਕ ਸ਼ਾਨਦਾਰ ਧਾਰਮਿਕ ਸਥਾਨ ਉਸਾਰਿਆ ਜਾਵੇ ਜੋ ਵੱਧ ਰਹੀ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਨੂੰ ਪੂਰੀਆਂ ਕਰ ਸਕੇ। ਇਹ ਸਥਾਨ ਦਰਿਆ ਤੋਂ ਹਟਵਾਂ ਹੋ ਕੇ ਇੱਥੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਅਜਿਹਾ ਕਰਨ ਪਿੱਛੇ ਗੁਰੂ ਸਾਹਿਬ ਦਾ ਇਕ ਮਨੋਰਥ ਇਹ ਵੀ ਸੀ ਇਸ

ਪਵਿੱਤਰ ਜਗ੍ਹਾ ਉਪਰ ਜਿੱਥੇ ਕੰਨਾਂ ਨੂੰ ਇਲਾਹੀ ਬਾਣੀ ਦੀਆਂ ਧੁਨਾਂ ਸੁਣਾਈ ਦੇਣ ਉਥੇ ਨਾਲ ਨੇਤਰਾਂ ਨੂੰ ਹਰਿ ਦੇ ਘਰ (ਹਰਿਮੰਦਰ ਸਾਹਿਬ) ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵੀ ਹੁੰਦੇ ਰਹਿਣ। ਇਸ ਤਜਵੀਜ਼ ਨੂੰ ਅਮਲੀ ਰੂਪ ਦੇਣ ਲਈ ਸ਼ਰਧਾਵਾਨ ਸੰਗਤਾਂ ਦੇ ਭਰਪੂਰ ਸਹਿਯੋਗ ਦੀ ਲੋੜ ਸੀ। ਜਿਵੇਂ-ਜਿਵੇਂ ਇਹ ਸਹਿਯੋਗ (ਤਨ, ਮਨ ਅਤੇ ਧਨ ਨਾਲ) ਮਿਲਦਾ ਗਿਆ ਤਿਵੇਂ-ਤਿਵੇਂ ਗੁਰੂ-ਘਰ ਦੇ ਕਾਰਜ ਵੀ ਸੰਵਰਦੇ ਰਹੇ। ਪਹਿਲਾਂ ਸਰੋਵਰ ਅਤੇ ਉਸ ਤੋਂ ਬਾਅਦ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ) ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ। ਇਨ੍ਹਾਂ ਦੋ ਮਹਾਨ ਉਪਰਾਲਿਆਂ ਨਾਲ ਸਿੱਖ ਧਰਮ ਦੇ ਨਕਸ਼-ਨੁਹਾਰ ਹੋਰ ਵੀ ਨਿਖਰਨ ਲੱਗ ਪਏ। ਜਿਵੇਂ ਤੀਸਰੇ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀੜ੍ਹਿਆਂ ਦੀ ਸਥਾਪਨਾ ਕੀਤੀ ਸੀ। ਉਸ ਨੂੰ ਅੱਗੇ ਵਧਾਉਂਦਿਆਂ ਹੋਇਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਅਰੰਭ ਕੀਤਾ। ਇਹ ਮਸੰਦ ਜਿੱਥੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਸਿੱਖੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਿਆ ਕਰਦੇ ਸਨ ਉਥੇ ਨਾਲ ਹੀ ਗੁਰੂ ਕੇ ਪ੍ਰੇਮੀਆਂ ਤੋਂ ਮਾਇਆ ਇਕੱਠੀ ਕਰ ਕੇ ਗੁਰੂ ਕੀ ਗੋਲਕ ਤੱਕ ਵੀ ਪਹੁੰਚਾਇਆ ਕਰਦੇ ਸਨ।


ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾਂ ਹੀ ਕਾਰ-ਸੇਵਾ ਵਿਚ ਬਣੀ ਰਹਿੰਦੀ ਸੀ। ਵਕਤ ਮਿਲਣ 'ਤੇ ਉਹ ਆਪ ਵੀ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਅਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਅਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰ੍ਹਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਚੱਜੀ ਅਗਵਾਈ ਅਤੇ ਸੰਗਤਾਂ ਦੇ ਭਰਵੇਂ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਸਵਰਗ ਦੀ ਝਲਕ (ਸੱਚਖੰਡ ਦੇ ਰੂਪ 'ਚ) ਦਿਖਾਈ ਦੇਣ ਲੱਗ ਪਈ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ। ਗੁਰੂ ਪਰਿਵਾਰ ਦੇ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਦੇਵ ਜੀ ਦੀਨ ਅਤੇ ਦੁਨੀਆ ਦੇ ਮਾਮਲੇ ਵਿਚ ਸਭ ਤੋਂ ਵਧੇਰੇ ਯੋਗ ਸਾਬਤ ਹੋਏ। ਜਿੱਥੇ ਉਹ ਪਰਵਾਰਿਕ ਪੱਖ ਤੋਂ ਪੂਰੇ ਜ਼ਿੰਮੇਵਾਰ ਸਨ ਉਥੇ ਉਹ ਅਧਿਆਤਮਿਕ ਪੱਖ ਤੋਂ ਵੀ ਸਰਬ-ਕਲਾ ਸਮਰੱਥ ਦਿਖਾਈ ਦਿੰਦੇ ਸਨ। ਇਸ ਸਮਰੱਥਾ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਗਾਇਆ ਗਿਆ। ਗੁਰੂ ਪਿਤਾ ਵੱਲੋਂ ਵੱਡੇ ਪੁੱਤਰ (ਪ੍ਰਿਥੀ ਚੰਦ) ਨੂੰ ਅਣਡਿੱਠ ਕਰ ਕੇ ਸਭ ਤੋਂ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਕੇ ਘਰ ਦੀ ਵਡਿਆਈ (ਗੁਰਗੱਦੀ) ਦਿੱਤੇ ਜਾਣ ਦਾ ਪ੍ਰਿਥੀ ਚੰਦ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ ਪਰ ਸ੍ਰੀ ਗੁਰੂ ਰਾਮਦਾਸ ਜੀ ਵੱਲੋ 'ਤਖਤਿ ਬਹੈ ਤਖਤੈ ਕੀ ਲਾਇਕ' ਦੀ ਕਸਵੱਟੀ ਨੂੰ ਆਧਾਰ ਬਣਾ ਕੇ ਕੇਵਲ ਯੋਗਤਾ ਨੂੰ ਹੀ ਪਹਿਲ ਦਿੱਤੀ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਕੁਝ ਦਿਨ ਇੱਥੇ ਟਿਕਾਣਾ ਕਰਨ ਤੋਂ ਬਾਅਦ ਅੱਸੂ ਮਹੀਨੇ ਦੇ ਦੂਜੇ ਦਿਨ ਮੁਤਾਬਕ ਸੰਮਤ 1638 (ਸਤੰਬਰ 1581 ਈ:) ਨੂੰ ਜੋਤੀ ਜੋਤ ਸਮਾ ਗਏ।

ਅਧਿਆਤਮਿਕ ਆਗੂ ਹੋਣ ਦੇ ਨਾਲ-ਨਾਲ ਸ੍ਰੀ ਗੁਰੂ ਰਾਮਦਾਸ ਜੀ ਇੱਕ ਉੱਚ ਕੋਟੀ ਦੇ ਬਾਣੀਕਾਰ ਵੀ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ 19 ਰਾਗਾਂ ਦੀ ਵਰਤੋਂ ਕਰਦਿਆਂ ਅਤੇ 11 ਹੋਰ ਰਾਗਾਂ ਸਮੇਤ ਕੁੱਲ 30 ਰਾਗਾਂ ਵਿਚ ਬਾਣੀ ਰਚੀ ਹੈ। ਇਹ ਬਾਣੀ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਪੜ੍ਹੀ/ਸੁਣੀ ਜਾਂਦੀ ਹੈ।

9463132719

****

ਵਿਅੰਗ ਚੌਕੇ



ਪ੍ਰੋ: ਜਸਵੰਤ ਸਿੰਘ ਕੈਲਵੀ

ਮਨ ਦੀ ਬਾਤ

ਕਲਮੇ ਮੇਰੀਏ! ਸਾਥ ਤੂੰ ਦੇ ਮੇਰਾ,
ਮੈਂ ਖੁਲ੍ਹ ਕੇ ਮਨ ਦੀ ਬਾਤ ਆਖਾਂ।
ਚਿੱਟੇ ਦਿਨ ਨੂੰ ਮੈਂ ਦਿਨ ਆਖਾਂ,
ਕਾਲ਼ੀ ਰਾਤ ਨੂੰ ਮੈਂ ਕਾਲ਼ੀ ਰਾਤ ਰਾਖਾਂ।
ਊਚ ਨੀਚ ਦੇ ਤੋੜਾਂ ਮੈਂ ਤੋਪਿਆਂ ਨੂੰ,
ਬੰਦੇ ਸਾਰੇ ਨੇ ਰੱਬ ਦੀ ਜ਼ਾਤ, ਆਖਾਂ।
ਜ਼ਾਲਿਮ ਕੈਲਵੀ! ਲੁੱਟੇ ਮਜ਼ਲੂਮ ਨੂੰ ਜੇ,
ਵਹਿਸ਼ੀ, ਪਾਗ਼ਲ ਤੇ ਉਹਨੂੰ ਕਮਜ਼ਾਤ ਆਖਾਂ।

----- 0 -----

ਕੇਹੀ ਆਜ਼ਾਦੀ

ਲਾਲ ਕਿਲ੍ਹੇ ਤੇ ਝੁੱਲੇ ਹਰ ਸਾਲ ਝੰਡਾ,
ਐਪਰ ਸਾਡੀ ਜਮਹੂਰੀਅਤ ਕਿਉਂ ਜਾਏ ਖੁਰਦੀ?
ਪ੍ਰਗਟ ਕਰੇ ਅਸਹਿਮਤੀ ਜੇ ਕੋਈ,
ਉਹਨੂੰ ਮਾਰਨ ਲਈ ਭੂਤਰੀ ਭੀੜ ਤੁਰਦੀ।
ਖਾਣ, ਪਾਣ, ਹੰਢਾਣ ਲਈ ਮਿਲਣ ਫਤਵੇ,
ਭਾਰਤ ਮਾਂ ਹੈ ਪੁੱਤਰਾਂ ਲਈ ਝੁਰਦੀ।
ਕੇਹੋ ਜੇਹੀ ਆਜ਼ਾਦੀ ਇਹ ਕੈਲਵੀ ਜੀ?
ਬਿਸਕੁਟ ਵਾਂਗ ਇਹ ਹੱਥਾਂ ’ਚੋਂ ਜਾਏ ਭੁਰਦੀ।

----- 0 -----

ਜੇ ਪਾਣੀ ਦੀ ਥਾਂ ਸ਼ਰਾਬ ਹੁੰਦੀ

ਰਾਵੀ, ਸਤਿਲੁੱਜ ਬਿਆਸ ਵਿੱਚ ਹੜ੍ਹ ਆਏ,
ਜੇ ਪਾਣੀ ਦੀ ਥਾਂ ਸ਼ਰਾਬ ਹੁੰਦੀ।
ਬੂੰਦ ਬੂੰਦ ਏਹਦੀ ਬੋਤਲ ਬੰਦ ਹੁੰਦੀ,
ਏਹਦੀ ਇਕ ਨਾ ਬੂੰਦ ਖ਼ਰਾਬ ਹੁੰਦੀ।
ਕਹਿਰ ਹੜ੍ਹਾਂ ਦਾ ਕਿਧਰੇ ਨਾ ਦਿੱਸਦਾ
ਫਿਰ ਕਿਸੇ ਖੇਤ ਵਿੱਚ ਵਿੱਛੀ ਨਾ ਗਾਬ ਹੁੰਦੀ।
ਚਾਅ ਚੜ੍ਹਨਾ ਸੀ ਤਸਕਰਾਂ, ਗੁੰਡਿਆਂ ਨੂੰ,
ਹਰ ਚਿਹਰੇ ਤੇ ਵੱਖਰੀ ਆਬ ਹੁੰਦੀ।

----- 0 -----

ਪਿਛਲੇ ਕਰਮਾਂ ਦਾ ਫਲ

ਤੁਸੀਂ ਉਹਨਾਂ ਨੂੰ ਬੰਦੇ, ਕਿਉਂ ਆਖਦੇ ਹੋ?
ਜਿਹੜੇ ਵਾਂਗ ਗੰਢੋਇਆਂ ਦੇ ਵਲ ਖਾਂਦੇ।
ਨਾ ਉਹ ਕਿਰਤ ਕਰਦੇ, ਨਾ ਉਹ ਬੰਦਗੀ ਹੀ,
ਵਾਂਗ ਕਉਢੇ ਦੇ ਲੋਕਾਂ ਨੂੰ ਛਲ ਖਾਂਦੇ।
ਬੰਦੇ ਹੁੰਦੇ ਤਾਂ ਸੁੱਚੀ ਕਿਰਤ ਕਰਦੇ,
ਸੰਗਤ ਵਿੱਚ ਜੁੜਦੇ, ਵੰਡ ਕੇ ਰਲ ਖਾਂਦੇ।
ਬਹੁਤੇ ਬੰਦੇ ਤਾਂ ਕੈਲਵੀ! ਬਕੀ ਜਾਂਦੇ,
ਪਿਛਲੇ ਕਰਮਾਂ ਦਾ ਅਸੀਂ ਹਾਂ ਫਲ ਖਾਂਦੇ।

----- 0 -----

ਅਜੋਕਾ ਜੁੱਗ

ਪੂੰਜੀ ਅਤੇ ਪਦਾਰਥ ਦੀ ਦੌੜ ਲੱਗੀ
ਹਰ ਕੋਈ ਏਹਨਾਂ ਲਈ ਭੱਜਦਾ ਨੱਸਦਾ ਹੈ।
ਸਾਰੇ ਸ਼ਹਿਰ ਦਾ ਸਰਵੇ ਕਰਵਾ ਦੇਖੋ,
ਕੋਈ ਬੰਦਾ ਨਾ ਖੁਲ੍ਹ ਕੇ ਹੱਸਦਾ ਹੈ।
ਬੰਦਾ ਹੁੰਦਾ ਹੈ ਜਿਹੜਾ ਚਾਰ ਫੁੱਟਾ,
ਸੱਤ ਫੁੱਟ ਦੀ ਕੱਦ ਉਹ ਦੱਸਦਾ ਹੈ।
ਹੱਸਦੀ ਨੂੰਹ ਨੂੰ ਵੇਖ ਕੇ ਸੱਸ ਸੜਦੀ,
ਸਾੜਾ ਕੈਲਵੀ ਨੂੰਹ ਨੂੰ ਸੱਸ ਦਾ ਹੈ।

----- 0 -----

9878381474




ਹੇ ਗੁਰੂ ਨਾਨਕ !

ਅਮਰਜੀਤ ਜੋਸ਼ੀ ਕਲੌੜ/ਨਾਹਨ

ਹੇ ਗੁਰੂ ਨਾਨਕ ! ਤੂੰ ਅੱਜ ਵੀ ਮਹਾਨ ਹੈ।
ਪੂਰੇ ਦੁਨੀਆਂ ਵਿੱਚ ਤੇਰੀ ਸ਼ਾਨ ਹੈ।
ਸਾਢੇ ਪੰਜ ਸਦੀਆਂ ਬਾਅਦ ਵੀ,
ਲੋਕੀ ਤੈਨੂੰ ਯਾਦ ਕਰਦੇ ਨੇ।
ਸੁੱਖ ਦੇ ਵੇਲੇ ਨਾ ਸਹੀ,
ਦੁੱਖ ਦੇ ਵੇਲੇ ਤੇਰੇ ਕੋਲ ਫਰਿਆਦ ਕਰਦੇ ਨੇ।
ਤੂੰ ਸੱਚ-ਸੱਚ ਸੀ ਆਖਿਆ
ਕਦੇ ਕਿਸੇ ਨਾਲ ਖੋਟ ਨਹੀਂ ਸੀ ਕੀਤੀ।
ਕਸੂਰ ਉੱਤੇ, ਤੂੰ ਰੱਬ ਵੀ ਚੋਟ ਸੀ ਕੀਤੀ।
ਜਦ ਇੱਥੇ ਬਾਬਰ ਨੇ ਅਤਿ ਜ਼ੁਲਮ ਕਮਾਇਆ,
ਤੂੰ ਪੁਛਿਆ, ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦ ਨਾ ਆਇਆ ॥੧॥
ਤੂੰ ਅਬਲਾ ਦੇ ਹੱਕ ਵਿੱਚ ਪ੍ਰਚਾਰ ਕੀਤਾ
ਸਭੋ ਭੈੜੀਆਂ ਰਸਮਾਂ 'ਚ ਸੀ ਸੁਧਾਰ ਕੀਤਾ।
ਪਰ ਅੱਜ ਤੇਰੀ ਦੁਨੀਆਂ ਦੀ ਕਿਸ਼ਤੀ,
ਪਾਪਾਂ ਦੇ ਸਮੁੰਦਰ 'ਚ ਡਿੱਕੇ-ਡੋਲੇ ਖਾਂਦੀ ਜਾ ਰਹੀ ਏ।
ਜ਼ਰਾ ਵੀ ਹਵਾ ਦਾ ਝੌਂਕਾ ਆਇਆ,
ਤਾਂ ਇਹ ਡੋਲੇ ਖਾਂਦੀ ਹੈ।
ਅੱਜ ਤੇਰੇ ਧਰਮ ਦੇ ਠੇਕੇਦਾਰ,
ਰੱਖਦੇ ਨੇ ਦੂਹਰਾ ਕਿਰਦਾਰ।
ਉਪਰੋਂ ਧਾਰਦੇ ਨੇ ਸੰਤਾਂ ਦਾ ਵੇਸ,
ਅੰਦਰੋਂ ਕਰਦੇ ਨੇ ਬਗਲੇ ਦੀ ਮਾਰ।
ਇਹੀ ਧਰਮ ਦੀ ਆੜ ਲੈ ਕੇ,
ਲੋਕਾਂ ਵਿੱਚ ਵੰਡੀਆਂ ਪਾਉਂਦੇ ਨੇ।
ਆਪਣੇ ਸਵਾਰਥ ਸਿੱਧੀ ਲਈ,
ਦੰਗੇ-ਫਸਾਦ ਕਰਵਾਉਂਦੇ ਨੇ।
ਬਾਬਾ ! ਇੱਕ ਗੱਲ ਹੋਰ ਦੇਖ ਲੈ,
ਲੋਕਾਂ ਦੇ ਦਿਲਾਂ ਦਾ ਵੀ ਚੋਰ ਦੇਖ ਲੈ।
ਅੱਜ ਦੇ ਪਾਪੀ, ਉਪਰੋਂ ਸਾਫੀ, ਅੰਦਰੋਂ ਦਾਤੀ
ਉਹ ਫੇਰਨ, ਜੋ ਸੱਚ ਨੂੰ ਪਿਆਰ ਕਰਦੇ ਨੇ।
ਜਦੋਂ ਚੜ੍ਹੇ ਲੋਕਾਂ ਨੂੰ ਜਨੂੰਨ, ਕਰਦੇ ਭਾਈ ਦਾ ਹੀ ਖ਼ੂਨ,
ਜਦੋਂ ਕਰਦੇ ਨੇ ਪਾਪ, ਫਿਰ ਦਿਸਣ ਲਈ ਸਾਫ
ਭਗਤੀ ਦਾ ਰਾਹ ਅਖਤਿਆਰ ਕਰਦੇ ਨੇ।
ਜਿਵੇਂ ਫੁੱਲਾਂ ਨਾਲ ਖਹਿੰਦੇ ਨੇ ਕੰਡੇ,
ਇਵੇਂ ਸੱਚ ਨੂੰ ਪੈਂਦੇ ਨੇ ਡੰਡੇ।
ਸੱਚੇ ਦੀ ਸੁਣੇ ਨਾ ਕੋਈ, ਹਰ ਕੋਈ ਕਰਦਾ ਬਗਦੋਈ,
ਲੋਕੀ ਝੂਠ ਦਾ ਸਤਿਕਾਰ ਕਰਦੇ ਨੇ।
ਹੁਣ ਪਾਪੀਆਂ ਦਾ ਰਾਜ ਹੈ,
ਝੂਠਿਆਂ ਸਿਰ ਤਾਜ ਹੈ,
ਬੇਬੱਸ ਹੋਇਆ ਸਮਾਜ ਹੈ,
ਮਲਕ ਭਾਗੋਆ ਹੱਥ ਡੋਰ ਹੈ,
ਭਾਈ ਲਾਲੋ ਹੋ ਰਿਹੈ ਕਮਜ਼ੋਰ ਹੈ,
ਹੁਣ ਬਾਬਾ ਤੇਰੀ ਬਹੁਤ ਲੋੜ ਹੈ
ਇੱਕ ਵਾਰੀ ਫਿਰ ਇਸ ਧਰਤੀ 'ਤੇ ਆ
ਇਸ ਭੁੱਲੀ ਭਟਕੀ ਦੁਨੀਆਂ ਨੂੰ
ਸਿੱਧੇ ਰਸਤੇ ਪਾ।

09418453511

ਬਾਬਾ ਨਾਨਕ ਜਦ



ਹਰਬੰਸ ਸਿੰਘ 'ਸ਼ਾਨ'

ਬਾਬਾ ਨਾਨਕ ਜਦ ਤੁਸੀਂ ਜੱਗ ਤੇ ਆਏ ਸੀ।
ਭਟਕੇ ਲੋਕੀ ਸਿੱਧੇ ਰਸਤੇ ਪਾਏ ਸੀ।
ਉਸ ਤੋਂ ਵੀ ਵੱਧ ਹੁਣ ਮਾਨਵ ਹੰਕਾਰ ਗਿਆ।
ਇੱਕ ਦੂਜੇ ਦਾ ਵੈਰੀ ਬਣ ਸੰਸਾਰ ਗਿਆ।

ਕੌਡੇ, ਭੂਮੀਏ ਫਿਰਦੇ ਵੱਗਾਂ ਦੇ ਵੱਗ ਏਥੇ।
ਸੱਜਣ ਤੋਂ ਵੱਡੇ ਆਮ ਹੀ ਮਿਲਦੇ ਠੱਗ ਏਥੇ।
ਉਪਰੋਂ ਧਰਮੀ ਲੱਗਦੇ ਬਹਿਬਤਾਂ ਬੁਰੀਆਂ ਨੇ।
ਮੂੰਹ ਦੇ ਵਿੱਚ ਰਾਮ ਰਾਮ ਬਗਲ ਵਿੱਚ ਛੁਰੀਆਂ ਨੇ।
ਧਰਮ ਦੇ ਵਿੱਚ ਆ ਅੰਤਾਂ ਦਾ ਨਿਘਾਰ ਗਿਆ।
ਇੱਕ ਦੂਜੇ..................
ਝੂਠੇ, ਫ਼ਰੇਬ ਨੇ ਬਾਬਾ ਛਾਉਣੀ ਪਾਈ ਏ।
ਸੱਚ ਲਗਾਕੇ ਖੰਭ ਉਡਾਰੀ ਲਾਈ ਏ।
ਹੱਕ ਪਰਾਇਆ ਖਾਂਦੇ ਭਾਗੋ ਵਰਗੇ ਨੇ।
ਲਾਲੋ ਵਰਗੇ ਕਿਰਤੀ ਭੁੱਖੇ ਮਰਦੇ ਨੇ।
ਖ਼ੂਨ ਪਸੀਨਾ ਵਹਾਉਂਦਾ ਕਿਰਤੀ ਹਾਰ ਗਿਆ।
ਇੱਕ ਦੂਜੇ..................

ਮੁੱਕਿਆ ਹਾਲੇ ਜਾਤ ਪਾਤ ਦਾ ਰੌਲਾ ਨਹੀਂ।
ਛੱਡਿਆ ਹਾਲੇ ਊਚ ਨੀਚ ਨੇ ਕੌਲ਼ਾ ਨਹੀਂ।
ਰੰਗਾਂ, ਨਸਲਾਂ, ਗੋਤਾਂ ਦੇ ਯੱਭ ਖ਼ਾਨੇ ਦਾ।
ਕਾਟੋ-ਕਲੇਸ਼ ਹੈ ਉਹੀ ਅੱਜ ਜ਼ਮਾਨੇ ਦਾ।
ਭੇਦ ਭਾਵ ਦਾ ਹੋ ਬੜਾ ਗਰਮ ਬਜ਼ਾਰ ਗਿਆ।
ਇੱਕ ਦੂਜੇ..................

ਲੋਕੀ ਰਹੇ ਉਪਾਸ਼ਕ ਨਾ ਹੁਣ ਇੱਕ ਰੱਬ ਦੇ।
ਵੱਖਰੇ ਵੱਖਰੇ ਰੱਬ ਨੇ ਬਾਬਾ ਹੁਣ ਸਭ ਦੇ।
ਸ਼ਬਦ ਗੁਰੂ ਦੇ ਨਾਲੋਂ ਜਾਂਦੇ ਟੁੱਟਦੇ ਨੇ।
ਆਪਣੇ ਹੱਥੀਂ ਜੜ੍ਹਾਂ ਆਪਣੀਆਂ ਪੁੱਟਦੇ ਨੇ।
ਬਗਲੀ ਵਾਲੇ "ਸ਼ਾਨ" ਵਿਸਰ ਨਿਰੰਕਾਰ ਗਿਆ।
ਇੱਕ ਦੂਜੇ ਦਾ ਵੈਰੀ ਬਣ ਸੰਸਾਰ ਗਿਆ।

********** 9878573068

ਵਿਸ਼ਵ ਭਾਈ ਚਾਰੇ ਦਾ ਆਧਾਰ

ਸ਼ਬਦ ਗੁਰੂ ਨਾਨਕ



ਇੰਜ: ਜਸਵੰਤ ਸਿੰਘ

'ਸ਼ਬਦ ਗੁਰੂ' ਦੀ ਨੀਂਹ, ਨਾਨਕ ਆਪ ਰੱਖੀ
'ਸ਼ਬਦ ਗੁਰੂ' ਹੀ ਸਾਰੇ ਸੰਸਾਰ ਵਸਦਾ।
ਸਾਰੇ ਧਰਮਾਂ ਦੇ ਸਾਂਝ ਦੀ ਕਰੇ ਰਖ਼ਸ਼ਾ
ਤਾਂਹੀਉਂ ਇਸ ਅੰਦਰ ਸਿਰਜਣਹਾਰ ਵਸਦਾ।
ਕਿਸੇ ਇੱਕ ਦੀ ਮਾਲਕੀ ਕੌਣ ਕਹਿੰਦਾ
ਇਹਦੇ ਵਿੱਚ ਤਾਂ ਸਾਰਾ ਸੰਸਾਰ ਵਸਦਾ।
ਭਗਤਾਂ-ਭੱਟਾਂ ਦੀ ਬਾਣੀ ਇਹ ਸਾਖ ਭਰਦੀ
ਇਸ ਵਿੱਚ ਖ਼ਲਕਤ ਦਾ ਖ਼ਾਲਕ ਕਰਤਾਰ ਵਸਦਾ।
ਇੱਕ ਦੂਜੇ ਦਾ ਆਓ ਸਤਿਕਾਰ ਕਰੀਏ
ਵਿਸ਼ਵ ਭਾਈਚਾਰਾ ਲੋੜ ਸੰਸਾਰ ਦੀ ਏ।
ਨਫ਼ਰਤ ਕਰਦਿਆਂ ਨਫ਼ਰਤ ਵਧੀ ਜਾਂਦੀ
ਨਫ਼ਰਤ ਛੱਡਣਾ ਹੀ ਗੱਲ ਪਿਆਰ ਦੀ ਏ।
ਸਾਰੀ ਖ਼ਲਕਤ ਦੇ ਨਾਲ ਪਿਆਰ ਕਰੀਏ
ਸਿੱਖਿਆ ਨਾਨਕ ਦੀ ਸੱਚੇ ਨਿਰੰਕਾਰ ਦੀ ਏ।
ਸਾਰੇ ਦੇਸ਼ਾਂ ਦਾ ਬਣੇ ਜੇ ਭਾਈਚਾਰਾ
ਖ਼ੁਸ਼ੀ ਸਾਰਿਆਂ ਦੇ ਸਿਰਜਣਹਾਰ ਦੀ ਏ।

7589264221

****

ਜੁੱਗ ਸੀ ਘਚੋਲਾ ਗਿਆਨੀ ਦਿੱਤ ਸਿੰਘ ਕਹਿ ਗਿਆ ਸੀ,

ਮੜ੍ਹੀ ਮਸਾਣਾ, ਕਰਮ ਕਾਂਡ ਦੇ ਪਿੱਛੇ ਪੈ ਗਿਆ ਸੀ।

ਮੁੜ ਕੇ ਉਨ੍ਹਾਂ ਦੀ ਸੋਚ ਤੇ ਅਲਖ ਜਗਾਉਣੀ ਪੈਣੀ ਐ,

ਡੁੱਬਦੀ ਬੇੜੀ ਇਹਦੀ ਬੰਨੇ ਲਾਉਣੀ ਪੈਣੀ ਐ।

ਕਾਵਿ-ਕਿਆਰੀ

ਜਿਥੇ ਨਾਨਕ ਪ੍ਰਗਟ ਹੋਇਆ




ਬਲਬੀਰ ਸਿੰਘ ਬੇਲੀ

ਗਿਆਨ ਦਾ ਸੂਰਜ ਹੋਇਆ ਉਦੈ,
ਗਿਆਨ ਦੀਆਂ ਰਿਸ਼ਮਾਂ ਵੰਡਣ ਲਈ।
ਸੱਚ ਚੰਦਰਮਾ ਚਮਕਿਆ ਜਿਥੇ,
ਕੂੜ ਦੀ ਮੱਸਿਆ ਖੰਡਣ ਲਈ।
ਸੁੱਖਾਂ ਦੀ ਜਿਥੇ ਆਸ ਸੀ ਜਾਗੀ,
ਆਸ਼ੀਆਨਾ ਦੇਖਣ ਨੂੰ ਦਿਲ ਕਰਦਾ।
ਜਿਥੇ ਨਾਨਕ ਪ੍ਰਗਟ ਹੋਇਆ,
ਨਨਕਾਣਾ ਦੇਖਣ ਨੂੰ ਦਿਲ ਕਰਦਾ।
ਭਾਗਾਂ ਵਾਲੀ ਧਰਤੀ ਜਿਥੇ,
ਰੱਬ ਨੇ ਭਾਗ ਲਗਾ ਦਿੱਤਾ।
ਜਗਤ ਜਲੰਦਾ ਠਾਰਨ ਲਈ
ਮਹਾਂ ਪੁਰਖ ਘਲਾ ਦਿੱਤਾ।
ਦਰਸ਼ਨ ਕਰਕੇ ਝੂਮ ਉਠੀ ਸੀ,
ਸੁਭਾਗੀ ਦੌਲਤਾਂ ਦਾਈ।
ਜਿਸ ਵਿਹੜੇ 'ਚ ਮਹਿਤਾ ਕਾਲੂ ਨੂੰ,
ਮਿਲੀ ਸੀ ਲੱਖ ਵਧਾਈ।
ਜਿਥੇ ਜੰਮਿਆ ਲਾਲ ਤ੍ਰਿਪਤਾ ਨੇ,
ਘਰ ਘਰਾਣਾ ਦੇਖਣ ਨੂੰ ਦਿਲ ਕਰਦਾ।
ਜਿਥੇ ਨਾਨਕ ਪ੍ਰਗਟ ਹੋਇਆ..........
ਜਿਸ ਆਂਗਨ 'ਚ ਬੇਬੇ ਨਾਨਕੀ,
ਸੋਹਣਾ ਵੀਰ ਖਡਾਇਆ।
ਜਿਥੇ ਭੈਣ ਨੂੰ ਵੀਰ ਦੇ ਵਿਚੋਂ,
ਰੱਬ ਨਜ਼ਰ ਸੀ ਆਇਆ।
ਜਿਥੇ ਰਾਇ ਬੁਲਾਰ ਨੇ ਆਖਿਆ,
'ਨਾਨਕ' ਰੱਬ ਦਾ ਬੰਦਾ।
ਗਲ ਸੁਣ ਲੈ ਤੂੰ ਮਹਿਤਾ ਕਾਲੂ,
ਆਖੀਂ ਨਾ ਇਸ ਨੂੰ ਮੰਦਾ।
ਜਿਥੇ ਬਾਬੇ ਬੰਦਗੀ ਕੀਤੀ,
ਬੰਦਗੀਆਨਾ ਦੇਖਣ ਨੂੰ ਦਿਲ ਕਰਦਾ।
ਜਿਥੇ ਨਾਨਕ ਪ੍ਰਗਟ ਹੋਇਆ..........
ਜਿੱਥੇ ਪਾਂਧੇ, ਕਾਜ਼ੀ ਤਾਈਂ
ਸੱਚ ਦਾ ਸਬਕ ਪੜ੍ਹਾਇਆ।
ਜਿਸ ਜਗ੍ਹਾਂ ਨਾਨਕ ਜੀ ਨੇ,
ਕੱਚਾ ਜਨੇਊ ਠੁਕਰਾਇਆ।
ਜਿੱਥੇ ਬਾਬੇ ਮਾਲ ਚਰਾਇਆ,
ਖੇਤ ਸੀ ਮੱਝੀਆਂ ਚਰਿਆ।
ਤਫਤੀਸ਼ ਹੋਈ ਤਾਂ ਦੇਖਿਆ,
ਦੁਗਣਾ ਖੇਤ ਸੀ ਹਰਿਆ ਭਰਿਆ।
ਜਿਥੇ ਸਰਪ ਨੇ ਛਾਇਆ ਕੀਤੀ,
ਉਹ ਟਿਕਾਣਾ ਦੇਖਣ ਨੂੰ ਦਿਲ ਕਰਦਾ।
ਜਿਥੇ ਨਾਨਕ ਪ੍ਰਗਟ ਹੋਇਆ..........
ਲੈ ਕੇ ਵੀਹ ਰੁਪਈਏ ਜਿਥੋਂ,
ਤੁਰਿਆ ਸੌਦਾ ਖਰੀਦਣ ਲਈ।
ਜਿਥੇ ਉਸਨੇ ਜਾਂਚ ਸਿਖਾਈ
ਭੁੱਖਿਆ ਉੱਤੇ ਪਤੀਜਣ ਲਈ।
ਭੁੱਖਿਆ ਸਾਧੂਆਂ ਸੰਤਾਂ ਤਾਈਂ,
ਭੋਜਣ ਛਕਾਇਆ ਬਾਬੇ ਨੇ।
ਜਿਸ ਜਗ੍ਹਾਂ ਤੇ ਸਭ ਤੋਂ ਪਹਿਲਾਂ,
ਲੰਗਰ ਚਲਾਇਆ ਬਾਬੇ ਨੇ।
ਜਿਥੇ ਸੱਚਾ ਸੌਦਾ ਕਰਿਆ,
ਚੂਹੜਕਾਣਾ ਦੇਖਣ ਨੂੰ ਦਿਲ ਕਰਦਾ।
ਜਿਥੇ ਨਾਨਕ ਪ੍ਰਗਟ ਹੋਇਆ..........
ਭੈਣ-ਭਰਾ ਦੇ ਪਿਆਰ ਵਾਲੜੀ,
ਜਿਥੇ ਇੰਤਰਾ ਹੋ ਗਈ ਸੀ।
ਪਿਉ-ਪੁੱਤਰ ਦੇ ਵਿਚਕਾਰ ਜਦੋਂ,
ਨਾਨਕੀ ਆਣ ਖਲੋ ਗਈ ਸੀ।
ਆਖਿਆ ਬਾਬਲਾ ਰੁੱਕ ਵੀ ਜਾ ਹੁਣ,
ਨਾ ਮਾਰ ਚਪੇੜਾਂ ਵੀਰੇ ਨੂੰ।
ਕੱਚ ਵਿਹਾਝਣ ਵਾਲਾ ਕੀ ਜਾਣੇ,
ਤੂੰ ਸੱਚੇ-ਸੁੱਚੇ ਹੀਰੇ ਨੂੰ।
ਜਿੱਥੇ ਪ੍ਰੀਤ ਸੀ ਮਉਲੀ 'ਬੇਲੀ'
ਥਾਂ ਸੁਹਾਣਾ ਦੇਖਣ ਨੂੰ ਦਿਲ ਕਰਦਾ।
ਜਿਥੇ ਨਾਨਕ ਪ੍ਰਗਟ ਹੋਇਆ..........
ਨਨਕਾਣਾ ਦੇਖਣ ਨੂੰ ਦਿਲ ਕਰਦਾ।

6284122703

****



ਧੁਰ ਤੋਂ ਇਲਾਹੀ ਬਾਣੀ ਆਈ ਐ

ਨਿਰਪਾਲ ਸਿੰਘ

ਛੇੜ ਮਰਦਾਨਿਆਂ ਰਬਾਬ ਨੂੰ, ਧੁਰ ਤੋਂ ਇਲਾਹੀ
ਬਾਣੀ ਆਈਐ।
ਉਹਨੂੰ ਕਦੇ ਮਨੋਂ ਨਾ ਵਿਸਾਰੀਏ, ਜੀਹਨੇ ਇਹ
ਦੁਨੀਆ ਬਣਾਈਐ।
ਛੇੜ ਮਰਦਾਨਿਆਂ ....
ਦੇਖ ਲੈ ਜ਼ਮਾਨਾ ਕਲਯੁੱਗ ਦਾ। ਝੂਠ ਫਿਰੇ ਸਾਰੇ
ਪਾਸੇ ਪੁੱਗਦਾ।
ਹੰਸ ਦਾਣਿਆਂ ਨੂੰ ਭੁੱਖੇ ਮਰਦੇ, ਕਾਂ ਫਿਰੇ ਮੋਤੀਆਂ
ਨੂੰ ਚੁੱਗਦਾ।
ਕੂੜ ਦਾ ਪਸਾਰਾ ਚਾਰੋਂ ਤਰਫ਼ੀ, ਮੱਚੀ ਹੋਈ
ਹਾਲ-ਦੁਹਾਈ ਐ।
ਛੇੜ ਮਰਦਾਨਿਆਂ ....
ਕੇਹੇ ਹੋਗੇ ਰੰਗ ਕਰਤਾਰ ਦੇ। ਉੱਡਗੇ ਪੰਖੇਰੂ ਨੇ
ਪਿਆਰ ਦੇ।
ਜੀਹਨੇ ਰਾਜੇ ਰਾਣਿਆਂ ਨੂੰ ਜੰਮਿਆ, ਲੋਕੀ ਅੱਜ
ਉਹਨੂੰ ਦੁਰਕਾਰਦੇ।
ਦੁਨੀਆ ਦਾ ਚਿੱਟਾ ਲਹੂ ਹੋ ਗਿਆ, ਲੜ ਰਿਹੈ
ਭਾਈ ਨਾਲ ਭਾਈਐ।
ਛੇੜ ਮਰਦਾਨਿਆਂ ....
ਮਦਰਾ, ਧਤੂਰੇ ਅਤੇ ਅੱਕ ਦਾ। ਹੁੰਦਾ ਏ ਸਰੂਰ
ਸੁਭ੍ਹਾ ਤੱਕ ਦਾ।
ਮਸਤੀ 'ਚ ਰਹੇ ਦਿਨ ਰਾਤ ਉਹ, ਨਾਮ ਦਾ
ਪਿਆਲਾ ਜਿਹੜਾ ਛੋਕਦਾ।
ਕੱਟਿਆ ਚੌਰਾਸੀ ਵਾਲੇ ਗੇੜ ਨੂੰ, ਕੀਤੀ ਜੀਹਨੇ
ਨਾਮ ਦੀ ਕਮਾਈਐ।
ਛੇੜ ਮਰਦਾਨਿਆਂ ....
ਅੱਲ੍ਹਾ ਨੂੰ ਧਿਆਲੈ ਚਾਹੇ ਰਾਮ ਨੂੰ। ਚਾਹੇ ਵਾਹਿਗੁਰੂ
ਸਤਿਨਾਮ ਨੂੰ ।
ਕਾਦਰ ਦੀ ਕਦਰ ਜੇ ਕਰੇਂਗਾ, ਜਾਏਂਗਾ ਸਿੱਧਾ
ਪ੍ਰਮਧਾਮ ਨੂੰ।
"ਬਗਲੀ ਦੇ ਸ਼ਾਨ" ਕਿਉਂ ਤੈਂ ਜਿੰਦਗੀ ਵਿਸ਼ਿਆਂ -
ਵਿਕਾਰਾਂ 'ਚ ਲੰਘਾਈਐ।
ਛੇੜ ਮਰਦਾਨਿਆਂ ....

9878573068

****

ਮੇਰਾ ਬਾਬਾ ਨਾਨਕ



-ਮਨਜੀਤ ਸਿੰਘ ਐਮ.ਏ.

ਧੰਨ ਹੋਣੇ ਆ ਕਰਮ ਵੀ ਦੌਲਤਾ ਦਾਹ ਦ/,
ਜਿੰਨ੍ਹੇ ਪਹਿਲੀ ਵਾਰ ਦਰਸ਼ਨ ਪਾਇਆ ਸੀ।
ਤਕ ਇਲਾਹੀ ਨੂਰ ਉਸਦੇ ਅੰਦਰ ਦਾ,
ਸਾਰਾ ਹੀ ਲਾਲਚ ਮੁਕਾਇਆ ਸੀ।
ਹਨ੍ਹੇਰੇ ਵਿੱਚ ਭਟਕੀ ਦੁਨੀਆਂ ਲਈ,
ਹੱਕ ਸੱਚ ਦਾ ਦੀਪ ਜਗਾਇਆ ਸੀ।
ਵੀਹ ਰੁਪਏ ਜੋ ਮਹਿਤਾ ਕਾਲੂ ਸੀ ਦਿੱਤੇ,
ਬਾਬੇ ਕਮਾਲ ਦਾ ਨਫ਼ਾ ਕਮਾਇਆ ਸੀ।
ਲੋੜਵੰਦਾਂ ਨੂੰ ਭੋਜਨ ਛਕਾ ਕੇ,
ਪਾਰਉਪਕਾਰੀ ਰੀਤ ਨੂੰ ਅਪਣਾਇਆ ਸੀ।
ਮੱਸਲਾ ਜਾਤਾਂ-ਪਾਤਾਂ ਵਾਲਾ,
ਬਾਬੇ ਪਲਾਂ ਵਿਚ ਸੁਲਝਾਇਆ ਸੀ।
ਪਾਖੰਡੀਆਂ ਦੀਆਂ ਦੁਕਾਨਾਂ ਵੱਜ ਗਈਆਂ ਸਨ,
ਜਦ 'ਏਕਓਕਾਰ' ਦਾ ਜੱਸ ਬਾਬੇ ਗਾਇਆ ਸੀ।
ਨਾਲ ਬਾਬੇ ਮਰਦਾਨਾ ਸੀ,
ਜਿੰਨਸ਼ੇ ਰਬਾਬੀ ਸੁਰ ਮਿਲਾਇਆ ਸੀ।
ਬਸ ਅੱਜ ਬਖ਼ਸ਼ ਦੇਵੀਂ ਬਾਬਾ ਤੂੰ ਮੇਰਿਆਂ ਗੁਨਾਹਾਂ ਨੂੰ,
ਤੇਰੇ 'ਪ੍ਰਕਾਸ਼' ਪੂਰਬ 'ਤੇ 'ਮਨਜੀਤ'
ਬਸ ਇਹੀ ਆਸ ਲੈ ਕੇ ਆਇਆ ਈ।

8054489876


Prime
Multispeciality Hospital
Your Smiling Partner...
• 24 ਘੰਟੇ ਐਮਰਜੰਸੀ
• ਲੈਬੋਰੇਟਰੀ ਸੁਵਿਧਾ
• ਐਂਬੂਲੈਂਸ ਸੁਵਿਧਾ
• 24 ਘੰਟੇ ਐਕਸਰੇ ਸੁਵਿਧਾ
• ਆਈ. ਸੀ. ਯੂ.
• ਵੈਂਟੀਲੇਟਰ, ਡਾਇਲਾਸਿਸ
ਜੋਆਇੰਟ ਰਿਪਲੇਸਮੈਂਟ, ਹੈਡ ਇੰਜਰੀ, ਸਟ੍ਰੋਕ, ਐਪੀਲੈਪਸੀ, ਅਸਥਮਾ, ਡਾਈਬਟੀਜ਼ ਪੁਆਈਜ਼ਨਿੰਗ, ਬੁਖਾਰ, ਹਰਨੀਆ, ਗਾਲਬਲੈਡਰ, ਗੁਰਦੇ ਫੇਲ੍ਹ, ਲੀਵਰ ਫੇਲ੍ਹ, ਗੁਰਦੇ ਦੀ ਪੱਥਰੀ, ਪੇਨਲੈਸ ਡਿਲੀਵਰੀ, ਸਿਜ਼ੇਰੀਅਨ ਸੈਕਸ਼ਨ, ਕੈਂਸਰ (ਕਿਮੋਥੈਰਪੀ) ਸਕੀਨ ਗਰਾਫਟ, ਪਲਾਸਟਿਕ ਸਰਜਰੀ
ਪ੍ਰਾਇਮ ਮਲਟੀ ਸਪੈਸ਼ਲਿਟੀ ਹਸਪਤਾਲ
ਸਾਹਮਣੇ ਖਾਲਸਾ ਕਾਲਜ ਕਲੋਨੀ, ਬਡੂੰਗਰ ਰੋਡ, ਪਟਿਆਲਾ (ਪੰਜਾਬ)
ਫੋਨ : 0175-2211889, 78141-89995
ਇਹਨਾਂ ਕੰਪਨੀਆਂ ਦੀ ਕੈਸ਼ਲੇਸ ਸੁਵਿਧਾਵਾਂ ਉਪਲਬੱਧ ਹੈ
1. VIPUL MEDCORP TPA
2. SGPC (ALL PUNJAB)
3. GSK NABHA
4. FEDERAL MOGUL
5. PARAMOUNT TPA
6. CHOLA MS GENETAL INSURANCE
7. CIGNA TTK HEALTH INSURANCE
8. MEDSAVE HEALTHCARE TPA
9. FAMILY HEALTH PLAN
10. RAKSHA TPA
11. BAJAJ ALLIANZ HEALTH INSURANCE
12. HERITAGE HEALTH CARE TPA
13. DB COPR (DAINIK BHASKAR)
14. ADITYA BIRLA
15. TATA NIG INSURANCE
16. THAPAR UNIVERSITY
17. UCO BANK
18. ALLABABAD BANK
19. UNITED BANK OF INDIA
20. PUNJAB NATIONAL BANK
21. ALL INDIA PNB RETIERED
22. OFFICER'S ASSOCIATION
23. BHAI GHANAYA SEHAT SEWA SCHEME
24. STAR HEALTH INSURANCE
25. BHARTI AXA HEALTH CARE
26. HDFC ERGO
27. ESI
28. RELIGARE GRAMIN BANK
29. MAX BUPA
30. RELIANCE
31. UNIVERSAL SOMPO

ਭੈਣ ਨੂੰ ਵੀਰ ਪਿਆਰਾ



-ਸੁਰਜੀਤ ਦੇਵਲ

ਸ਼ਬਦ ਸਰੂਪ ਦੇ ਨਾਨਕੀ ਭੈਣ ਦੀਦਾਰ ਕਰੇ।
ਬਾਬਲ ਘੂਰੇ ਨਾਨਕ ਨੂੰ ਨਾ ਭੈਣ ਜਰੇ।
ਕਿੱਡਾ ਧਰਮੀ ਨਾਨਕ ਬਾਬਲਾ ਜਾਣਦਾ ਨਾ।
ਰੱਬ ਤੇਰੇ ਘਰ ਆਇਆ ਤੂੰ ਪਹਿਚਾਣਦਾ ਨਾ।

ਸੱਚਾ ਸੌਦਾ ਕਰਿਆ ਏਸ ਵਿਚਾਰੇ ਨੇ।
ਤੈਨੂੰ ਤਾਂ ਚਾਂਦੀ ਦੇ ਛਿੱਲੜ ਪਿਆਰੇ ਨੇ।
ਮਾਰ ਸਕੇ ਤੂੰ ਗੁੱਸਾ ਦਿਲ ਬੇਈਮਨ ਦਾ ਨਾ।
ਰੱਬ ਤੇਰੇ ਘਰ ਆਇਆ ....

ਤੇਰਾ ਪੁੱਤ ਜੁਆਨ ਹੋ ਗਿਆ ਨਾਨਕ ਹੈ।
ਨਾਮ ਖੁਮਾਰੀ ਵਿੱਚ ਖੋ ਗਿਆ ਨਾਨਕ ਹੈ।
ਧਨੀਆਂ ਵਾਂਗੂੰ ਇਹ ਭੁੱਖਾ ਸਨਮਾਨ ਦਾ ਨਾ
ਰੱਬ ਤੇਰੇ ਘਰ ਆਇਆ ....

ਦਰਸ਼ਨ ਲੋਕੀਂ ਕਰਨ ਜਿਉਂ ਰਿਸ਼ੀਆਂ ਮੁਨੀਆਂ ਦੇ।
ਇਹ ਦੇ ਦੀਦ ਨੂੰ ਤਰਸਣ ਦੀਦੇ ਦੁਨੀਆਂ ਦੇ।
ਵੀਰ ਮੇਰੇ ਕੋਲ ਘਾਟਾ ਅਨਹਦ ਗਿਆਨ ਦਾ ਨਾ
ਰੱਬ ਤੇਰੇ ਘਰ ਆਇਆ ....

ਨਾਨਕ ਸੋਧਣਾ ਰੱਤ ਪੀਣੀਆਂ ਜੋਕਾਂ ਨੂੰ।
ਜ਼ਾਲਮ ਰਾਜੇ, ਠੱਗ, ਪਖੰਡੀ ਲੋਕਾਂ ਨੂੰ।
ਅੜਾ ਕਦੇ ਵੀ ਸੋਚੇ ਕਿਸੇ ਇਨਸਾਨ ਦਾ

9256367202

***

ਗੁਰੂ ਨਾਨਕ ਤੇਰੀ ਨਗਰੀ ਦੇ...



-ਸਰਦਾਰ ਪੰਛੀ

ਮਾਨਵਤਾ ਦਾ ਕਰੇ ਕੋਈ ਨੁਕਸਾਨ ਨਹੀਂ ਸਹਿਣਾ।
ਸਿੱਖ ਕੌਮ ਨੇ ਗੁਰੂਆਂ ਦਾ ਅਪਮਾਨ ਨਹੀਂ ਸਹਿਣਾ।
ਸਾਰੇ ਸੱਚੇ ਧਰਮਾਂ ਦਾ ਸਤਿਕਾਰ ਵੀ ਕਰਦੇ ਹਾਂ।
ਸੱਚੇ ਸੰਤਾਂ ਤਾਈਂ ਸੱਚਾ ਪਿਆਰ ਵੀ ਕਰਦੇ ਹਾਂ।
ਆਪਣੇ ਧਰਮ ਦਾ ਰੂਹਾਨੀ ਪਰਚਾਰ ਵੀ ਕਰਦੇ ਹਾਂ।
ਬੰਦੇ ਨੂੰ ਰੱਬ ਮੰਨਣ ਤੋਂ ਇਨਕਾਰ ਵੀ ਕਰਦੇ ਹਾਂ।
ਹਾਕਿਮ ਕਰੇ ਜੇ ਝੂਠੇ ਦਾ ਸਨਮਾਨ ਨਹੀਂ ਸਹਿਣਾ।
ਸਿੱਖ ਕੌਮ ਨੇ ਗੁਰੂਆਂ ਦਾ ਅਪਮਾਨ ਨਹੀਂ ਸਹਿਣਾ।
ਕੀ ਦੇਵੇਗਾ ਦੂਜੇ ਨੂੰ ਜੋ ਆਪ ਸਵਾਲੀ ਹੈ।
ਜਿਸ ਦਾ ਆਪਣਾ ਨਾਂ ਤੇ ਘਰ ਦਾ ਨਾਂ ਵੀ ਜਾਹਲੀ ਹੈ।
ਸੋਨੇ ਦੇ ਹਰ ਇੱਕ ਪਿੰਜਰੇ ਵੀ ਬੁਲਬੁਲ ਪਾਲੀ ਹੈ।
ਲੁੱਟੇ ਪੱਤ ਜੋ ਕਲੀਆਂ ਦੀ ਉਹ ਕਾਹਦਾ ਮਾਲੀ ਹੈ।
ਆਪਾਂ ਕਿਸੇ ਕਲੀ ਦਾ ਹੁਣ ਅਪਮਾਨ ਨਹੀਂ ਸਹਿਣਾ।
ਸਿੱਖ ਕੌਮ ਨੇ ਗੁਰੂਆਂ ਦਾ ਅਪਮਾਨ ਨਹੀਂ ਸਹਿਣਾ।

94170-91668

***

Registration No. R.N.I. CHAPUN/2010/33423, P.O. REGD. No CHD/144/2017-19 Posted at M.B.U. CHD

ਤੇਰੀ ਸਿੱਖੀ ਨੂੰ ਤੇਰਿਆਂ ਨੇ ਹੀ ਖਾ ਲਿਆ



-ਪ੍ਰਿੰ: ਨਸੀਬ ਸਿੰਘ ਸੇਵਕ

ਤੇਰੀ ਸਿੱਖੀ ਨੂੰ ਤੇਰਿਆਂ ਨੇ ਹੀ ਖਾ ਲਿਆ
ਬਾਬਾ ਨਾਨਕ ਤੂੰ ਘਰ ਘਰ ਅੰਦਰ
ਧਰਮਬਾਲ ਦਾ ਸੰਦੇਸ਼ ਦਿੱਤਾ ਸੀ
ਵਿੱਚ ਸੁਹੇਲੇ ਕੀਰਤਨ ਦਾ ਉਪਦੇਸ਼ ਦਿੱਤਾ ਸੀ
ਤੇਰੇ ਸੇਵਕਾਂ ਨੇ ਇਸ ਤੇ ਫੁੱਲ ਚੜ੍ਹਾ ਦਿੱਤੇ
ਥਾਂ ਥਾਂ ਗੁਰਦੁਆਰੇ ਬਣਾ ਦਿੱਤੇ।
ਸੰਗਮਰਮਰ ਲਗਵਾ ਦਿੱਤੇ
ਤੇ ਧਰਮ ਦੇ ਠੇਕੇਦਾਰਾਂ ਨੇ
ਰਾਖੀ ਲਈ ਸ਼ੈਤਾਨ ਬਿਠਾ ਦਿੱਤੇ
ਜੋ ਗੋਲਕਾਂ ਨੇ ਵੱਡੇ ਬਈਮਾਨ ਬਣਾ ਦਿੱਤੇ
ਫਿਰ ਵੀ ਤੇਰੀ ਸਿੱਖ ਦਾ ਹਾਲੋਂ ਬੇਹਾਲ ਹੋ ਗਿਆ
ਸਿੱਖ ਬਾਣੀ ਪੱਖੋਂ ਕੰਗਾਲ ਹੋ ਗਿਆ
ਇੱਕ ਗੁੰਝਲਦਾਰ ਸਵਾਲ ਹੋ ਗਿਆ
ਤੇਰੇ ਗੁਰਦੁਆਰਿਆਂ ਤੇ ਇਤਬਾਰ ਨਹੀਂ
ਡੇਰਿਆਂ ਤੇ ਜਾਂਦਾ ਏ
ਮੜ੍ਹੀ ਮਸਾਣੀ ਮਨਾਂਦਾ ਏ
ਸਰਾਧ ਕਰਾਂਦਾ ਏ
ਫੋਕੇ ਕਰਮ-ਕਾਂਡਾਂ ਏ
ਪਾਖੰਡ ਰਚਾਂਦਾ ਏ
ਤੇ ਤੇਰੀ ਸਿੱਖੀ ਅਮੀਰ ਦੀ ਥਾਂ ਗਰੀਬ ਹੋ ਗਈ
ਬਿਪਰਵਾਦੀ ਰੀਤਾਂ ਦੇ ਕਰੀਬ ਹੋ ਗਈ
ਬਦਨਸੀਬ ਹੁੰਦੀ ਜਾ ਰਹੀ ਏ
ਮਲੀਨ ਹੁੰਦੀ ਜਾ ਰਹੀ ਏ
ਹਾਲਾਤ ਸੰਗੀਨ ਹੁੰਦੀ ਜਾ ਰਹੀ ਏ

9465216530

***

ਗੁਰੂ ਨਾਨਕ ਤੇਰੀ ਨਗਰੀ ਦੇ...



-ਗੁਰਨਾਮ ਸਿੰਘ ਬਿਜਲੀ

ਗੁਰੂ ਨਾਨਕ ਤੇਰੀ ਨਗਰੀ ਦੇ ਵਿੱਚ, ਸਹਿਕ ਰਿਹਾ ਹੈ ਬੰਦਾ-
ਭਾਗੋਆਂ ਇੱਥੇ ਲੁੱਟ ਮਚਾਈ ਕਰਨ ਉਹ ਕਾਲਾ ਧੰਦਾ
ਲਾਲੋ ਤੇਰੇ ਕਰਨ ਕਮਾਈਆਂ, ਫਿਰ ਵੀ ਢਿੱਡ ਨਾ ਭਰਦਾ-
ਕੱਦੋਂ ਕੁ ਤੀਕਰ ਸਿਤਮ ਸਹਿਣਗੇ, ਸੱਚ ਰਹੂਗਾ ਮਰਦਾ-?
ਪਾ ਹੁਣ ਕੋਈ ਅਲੌਕਾਰਾ, ਝੂਠ ਦੇ ਗਲ ਵਿੱਚ ਫੰਦਾ।
ਭਾਗੋਆਂ ਇੱਥੇ ਲੁੱਟ ਮਚਾਈ ਕਰਨ ਉਹ ਕਾਲਾ ਧੰਦਾ।
ਕੁਰਸੀ ਖਾਤਰ ਰੱਬ ਬਣ ਗਿਆ, ਨਾ ਰੱਬ ਬੰਦੇ ਨੂੰ ਚੇਤੇ
ਝੂਠ-ਫਰੇਬ ਦਾ ਤਾਣਾ ਤਣਿਆ, ਉਸ ਵਿੱਚ ਲੋਕ ਲਪੇਟੇ-
ਉਪਰੋਂ ਚਿੱਟਾ ਬਗਲੇ ਵਰਗਾ, ਵਿੱਚੋਂ ਕਾਲੇ ਰੰਗਾ।
ਭਾਗੋਆਂ ਇੱਥੇ ਲੁੱਟ ਮਚਾਈ ਕਰਨ ਉਹ ਕਾਲਾ ਧੰਦਾ।
ਵਿਹਲੜ ਇੱਥੇ ਮੌਜਾਂ ਮਾਨਣ, ਕਿਰਤੀ ਭੁੱਖੇ ਮਰਦੇ-
ਪਲ-ਪਲ ਕਿਰਤੀ ਜ਼ੁਲਮ ਜ਼ਬਰ ਦਾ ਆਪਣੀ ਜਿੰਦ 'ਤੇ ਜਰਦੇ-
ਐਸਾ ਟੀਕਾ ਲਾ ਜ਼ਾਬਰ ਨੂੰ, ਖੂਨ ਰਹੇ ਨਾ ਗੰਦਾ।
ਗੁਰੂ ਨਾਨਕ ਤੇਰੀ ਨਗਰੀ ਦੇ ਵਿੱਚ, ਸਹਿਕ ਰਿਹਾ ਹੈ

94638-23495

***

IF UN-DELIVERED PLEASE RETURN TO:- BHAI DIT SINGH PATRIKA, # 712 APC, KAJHERI, CHANDIGARH - 160036